# ਸਰਦਾਰ ਪਟੇਲ

-ਪਿਆਰਾ ਸਿੰਘ ਦਾਤਾ



ਭਾਸ਼ਾ ਵਿਭਾਗ, ਪੰਜਾਬ

# ਸਰਦਾਰ ਪਟੇਲ

ਭਾਸ਼ਾ ਵਿਭਾਗ ਪੰਜਾਬ

# SARDAR PATEL (in Punjabi)

by

Piara Singh Data

ਲੇਖਕ : ਪਿਆਰਾ ਸਿੰਘ ਦਾਤਾ

ਪ੍ਰਕਾਸ਼ਕ : ਡਾਇਰੈਕਟਰ,

ਭਾਸ਼ਾ ਵਿਭਾਗ, ਪੰਜਾਬ

1975

ਮੁੱਲ :

ਛਾਪਕ : ਸਹਾਇਕ ਕੰਟਰੋਲਰ,

ਛਪਾਈ ਅਤੇ ਸਟੇਸ਼ਨਰੀ ਵਿਭਾਗ,

ਗੌਰਮਿੰਟ ਪ੍ਰੈਸ, ਪਟਿਆਲਾ।

## ਮੁੱਢਲੇ ਸ਼ਬਦ

ਕਿਸੇ ਵੀ ਦੇਸ਼ ਦੀ ਉੱਨਤੀ ਉਸਦੇ ਆਪਣੇ ਆਗੂਆਂ ਤੇ ਨਿਰਭਰ ਕਰਦੀ ਹੈ। ਸੱਚੇ ਤੇ ਮਹਾਨ ਨੇਤਾ ਆਪਣੇ ਸਮੇਂ ਵਿਚ ਆਪਣੇ ਉਸਾਰੂ ਕੰਮਾਂ ਕਾਰਣ ਦੇਸ਼ ਦੀ ਰਹਿਨੁਮਾਈ ਤਾਂ ਕਰਦੇ ਹੀ ਹਨ, ਇਸ ਦੇ ਨਾਲ ਹੀ ਆਉਣ ਵਾਲੇ ਸਮੇਂ ਵਿਚ ਵੀ ਉਹ ਪ੍ਰੇਰਣਾ ਦੇ ਸੋਮੇ ਬਣੇ ਰਹਿੰਦੇ ਹਨ। ਇਸ ਲਈ ਉਨ੍ਹਾਂ ਦੇ ਆਦਰਸ਼ ਜੀਵਨ ਅਤੇ ਮਹਾਨ ਕੰਮਾਂ ਦੀ ਜਾਣਕਾਰੀ ਜਨਤਾ ਨੂੰ ਦੇਣਾ ਕੌਮ ਦੇ ਹਿਤ ਵਿਚ ਹੁੰਦਾ ਹੈ। ਪਰ ਭਾਰਤੀ ਭਾਸ਼ਾਵਾਂ ਵਿਚ ਅਜਿਹੇ ਸਾਹਿਤ ਦੀ ਬਹੁਤ ਘਾਟ ਹੈ ਜਿਸ ਤੋਂ ਸਾਨੂੰ ਆਪਣੇ ਮਹਾਨ ਆਗੂਆਂ ਬਾਰੇ ਵਾਕਫ਼ੀ ਮਿਲ ਸਕੇ। ਪੰਜਾਬੀ ਸਾਹਿਤ ਦੀ ਇਸ ਕਮੀ ਨੂੰ ਪੂਰਾ ਕਰਨ ਲਈ ਭਾਸ਼ਾ ਵਿਭਾਗ, ਪੰਜਾਬ ਹਰ ਸੰਭਵ ਕੋਸ਼ਿਸ਼ ਕਰ ਰਿਹਾ ਹੈ। "ਸਰਦਾਰ ਪਟੇਲ" ਪੁਸਤਕ ਦਾ ਪ੍ਰਕਾਸ਼ਨ ਇਸੇ ਉਪਰਾਲੇ ਵਲ ਇਕ ਕਦਮ ਹੈ।

ਸੈਂਕੜਿਆਂ ਵਰ੍ਹਿਆਂ ਦੀ ਗੁਲਾਮੀ ਤੋਂ ਬਾਅਦ ਭਾਰਤ 5 ਅਗਸਤ, 1947 ਨੂੰ ਆਜ਼ਾਦ ਹੋਇਆ। ਸੁਤੰਤਰਤਾ ਲਈ ਲੰਮੇ ਤੇ ਗੰਭੀਰ ਘੋਲ ਵਿਚ ਜਿਨ੍ਹਾਂ ਨੇਤਾਵਾਂ ਨੇ ਸਾਡੇ ਦੇਸ਼ ਦੀ ਅਗਵਾਈ ਕੀਤੀ ਉਨ੍ਹਾਂ ਵਿਚੋਂ ਸਰਦਾਰ ਵਲਭ ਭਾਈ ਪਟੇਲ ਦਾ ਨਾਂ ਪਹਿਲੀ ਕਤਾਰ ਦੇ ਆਗੂਆਂ ਵਿਚ ਗਿਣਿਆ ਜਾਂਦਾ ਹੈ। ਉਨ੍ਹਾਂ ਇਕ ਸਾਧਾਰਣ ਘਰ ਵਿਚ ਜਨਮ ਲੈ ਕੇ ਆਪਣੀ ਯੋਗਤਾ, ਈਮਾਨਦਾਰੀ, ਕੁਰਬਾਨੀ ਅਤੇ ਅਣਥਕ ਮਿਹਨਤ ਨਾਲ ਦੇਸ਼ ਦੀ ਸੇਵਾ ਕਰਕੇ ਸਾਡੇ ਲਈ ਇਕ ਸ਼ਾਨਦਾਰ ਮਿਸਾਲ ਕਾਇਮ ਕੀਤੀ। ਸੁਤੰਤਰਤਾ ਦੀ ਲੜਾਈ ਵਿਚ ਜਿਸ ਪ੍ਰਬੰਧਕੀ ਯੋਗਤਾ, ਸੂਝ ਬੂਝ, ਦ੍ਰਿੜ੍ਹਤਾ ਅਤੇ ਵਿਸ਼ਵਾਸ ਦਾ ਪਰਿਚੈ ਉਨ੍ਹਾਂ ਦਿੱਤਾ, ਉਸਦੇ ਸਿਟੇ ਵਜੋਂ ਲੋਕਾਂ ਉਨ੍ਹਾਂ ਨੂੰ ਪਿਆਰ ਨਾਲ ਸਰਦਾਰ ਕਹਿਣਾ ਸ਼ੁਰੂ ਕਰ ਦਿੱਤਾ।

ਸਰਦਾਰ ਪਟੇਲ ਦਾ ਵਿਅਕਤਿਤਵ ਉਦੋਂ ਹੋਰ ਵੀ ਚਮਕਿਆ ਜਦੋਂ ਆਜ਼ਾਦੀ ਮਿਲੀ ਅਤੇ ਗ੍ਰਹਿ ਮੰਤਰੀ ਦੇ ਤੌਰ ਤੇ ਉਨ੍ਹਾਂ ਦੇਸ਼ ਦੀ ਵਾਗਡੋਰ ਸੰਭਾਲੀ। ਉਸ ਵੇਲੇ ਭਾਰਤ

ਸੈਂਕੜਿਆਂ ਟੁਕੜਿਆਂ ਵਿਚ ਵੰਡਿਆ ਹੋਇਆ ਸੀ। ਦੇਸ਼ ਭਰ ਵਿਚ ਬਦ-ਅਮਨੀ ਫੈਲੀ ਹੋਈ ਸੀ ਅਤੇ ਫ਼ਿਰਕੇ- ਦਾਰਾਨਾ ਫ਼ਸਾਦ ਹੋ ਰਹੇ ਸਨ। ਸਰਦਾਰ ਪਟਲ ਨੇ ਦ੍ਰਿੜ੍ਹਤਾ ਤੇ ਰਾਜਨੀਤਕ ਸੂਝ ਬੂਝ ਨਾਲ ਨਾ ਕੇਵਲ ਦੇਸ਼ ਵਿਚ ਅਮਨ ਕਾਇਮ ਕੀਤਾ ਸਗੋਂ ਸੈਂਕੜਿਆਂ ਨਿਜੀ ਰਿਆਸਤਾਂ ਦਾ ਖਾਤਮਾ ਕਰਕੇ ਦੇਸ਼ ਨੂੰ ਏਕਤਾ ਦੀ ਮਜ਼ਬੂਤ ਨੀਂਹ ਤੇ ਖੜ੍ਹਾ ਕੀਤਾ। ਭਾਰਤ ਦੇ ਏਕੀਕਰਣ ਦੀ ਸਮੱਸਿਆ ਨੂੰ ਜਿਸ ਸਿਆਣਪ ਅਤੇ ਐਨੇ ਥੋੜੇ ਸਮੇਂ ਵਿਚ ਉਨ੍ਹਾ ਨਜਿਠਿਆ, ਉਹ ਨਾ ਕੇਵਲ ਭਾਰਤ ਵਿਚ ਸਗੋਂ ਦੁਨੀਆ ਦੇ ਇਤਿਹਾਸ ਵਿਚ ਇਕ ਮਿਸਾਲ ਹੈ। ਉਨ੍ਹਾਂ ਦੀ ਇਸੇ ਪ੍ਰਬੰਧਕੀ ਯੋਗਤਾ, ਵਿਹਾਰਕ ਕਾਰਜਕੁਸ਼ਲਤਾ, ਦ੍ਰਿੜ੍ਹਤਾ ਅਤੇ ਈਮਾਨਦਾਰੀ ਕਾਰਣ ਲੋਕ ਉਨ੍ਹਾਂ ਨੂੰ ਭਾਰਤ ਦਾ ਲੋਹ ਪੁਰਸ਼ ਆਖਦੇ ਹਨ।

ਅਜਿਹੇ ਮਹਾਪੁਰਸ਼ ਦੀ ਜੀਵਨੀ ਪੰਜਾਬੀ ਜਨਤਾ ਨੂੰ ਭੇਟਾ ਕਰਦੇ ਹੋਏ ਅਸੀਂ ਬੜੀ ਖੁਸ਼ੀ ਅਨੁਭਵ ਕਰਦੇ ਹਾਂ। ਆਸ ਹੈ ਸਾਡੇ ਇਸ ਪ੍ਰਕਾਸ਼ਨ ਦਾ ਭਰਪੂਰ ਸੁਆਗਤ ਹੋਵੇਗਾ।

ਪਟਿਆਲਾ

ਅਕਤੂਬਰ, 1975

**ਰਜਨੀਸ਼ ਕੁਮਾਰ,**

ਡਾਇਰੈਕਟਰ,

ਭਾਸ਼ਾ ਵਿਭਾਗ, ਪੰਜਾਬ।

# ਵਿਸ਼ਾ ਸੂਚੀ


| | ਪੰਨਾ |
|---|---|
| 1. ਜਾਣ ਪਛਾਣ | 1 |
| 2. ਮੁੱਢਲਾ ਜੀਵਨ ਤੇ ਵਿਦਿਆ ਪ੍ਰਾਪਤੀ | 3 |
| 3. ਸੁਤੰਤਰਤਾ ਸੰਗਰਾਮ I | 22 |
| 4. ਸੁਤੰਤਰਤਾ ਸੰਗਰਾਮ II | 42 |
| 5. ਆਜ਼ਾਦੀ ਤੋਂ ਬਾਦ ਦੀਆਂ ਸਮੱਸਿਆਵਾਂ | 58 |
| 6. ਦੇਸੀ ਰਿਆਸਤਾਂ ਦਾ ਪੁਨਰ-ਗਠਨ | 60 |
| 7. ਲੋਹ ਪੁਰਸ਼ | 65 |
| 8. ਸਰਦਾਰ ਪਟੇਲ ਦੇ ਅੰਤਮ ਦਿਨ | 67 |
| 9. ਸਰਦਾਰ ਪਟੇਲ ਵਿਦਵਾਨਾਂ ਦੀਆਂ ਨਜ਼ਰਾਂ ਵਿਚ | 69 |
| 10. ਵਿਸ਼ੇਸ਼ ਘਟਨਾਵਾਂ | 71 |

1

# ਜਾਣ ਪਛਾਣ

ਮਹਾਂਪੁਰਸ਼ਾਂ ਦਾ ਜੀਵਨ ਚਾਨਣ ਮੁਨਾਰੇ ਦੀ ਨਿਆਈਂ ਹੁੰਦਾ ਹੈ। ਚਾਨਣ ਮੁਨਾਰੇ ਨੂੰ ਵੇਖ ਜਿਵੇਂ ਡਕਡੋਲੇ ਖਾਂਦੇ ਸਮੁੰਦਰੀ ਜਹਾਜ਼ ਕਿਨਾਰੇ ਆ ਲਗਦੇ ਹਨ, ਇਵੇਂ ਹੀ ਮਹਾਂਪੁਰਸ਼ਾਂ ਦੇ ਜੀਵਨ ਤੋਂ ਨਿਕਲੀਆਂ ਚਾਨਣ ਰਿਸ਼ਮਾਂ ਸਾਧਾਰਣ ਮਨੁੱਖ ਦੀ ਹਨੇਰੀ ਦੁਨੀਆਂ ਨੂੰ ਰੁਸ਼ਨਾ ਦਿੰਦੀਆਂ ਹਨ। ਸਰਦਾਰ ਵਲਭ ਭਾਈ ਪਟੇਲ ਵੀ ਅਜਿਹੇ ਮਹਾਨ ਵਿਅਕਤੀ ਹੋਏ ਹਨ ਜਿਨ੍ਹਾਂ ਦੇ ਜੀਵਨ ਤੋਂ ਬਹੁਤ ਕੁਝ ਸਿਖਿਆ ਮਿਲਦੀ ਹੈ। ਪਿਛਲੀ ਪੀੜ੍ਹੀ ਦੇ ਭਾਰਤੀ ਲੀਡਰਾਂ ਵਿਚੋਂ ਸਰਦਾਰ ਪਟੇਲ ਦਾ ਨਾਂ ਵਾਰ ਵਾਰ ਸਾਹਮਣੇ ਆਉਂਦਾ ਹੈ। ਉਹ ਬੜੇ ਬਹਾਦਰ, ਨਿਡਰ ਅਤੇ ਦ੍ਰਿੜ੍ਹ ਇਰਾਦੇ ਦੇ ਮਾਲਕ ਸਨ। ਇਕ ਵਾਰ ਜੋ ਫੈਸਲਾ ਕਰ ਲੈਂਦੇ ਸਨ, ਦੁਨੀਆਂ ਇਧਰ ਦੀ ਉਧਰ ਹੋ ਜਾਵੇ, ਉਸ ਤੋਂ ਪਿਛੇ ਨਹੀਂ ਸਨ ਹਟਦੇ।

ਉਨ੍ਹਾਂ ਦਾ ਜਨਮ 31 ਅਕਤੂਬਰ, 1875 ਨੂੰ ਹੋਇਆ। ਇਸ ਸਾਲ 31 ਅਕਤੂਬਰ ਨੂੰ ਦੇਸ਼ ਭਰ ਵਿਚ ਉਨ੍ਹਾਂ ਦਾ ਸੌ ਸਾਲਾ ਜਨਮ-ਦਿਵਸ ਮਨਾਇਆ ਜਾ ਰਿਹਾ ਹੈ। ਉਹ ਬੜੇ ਵੱਡੇ ਦੇਸ਼ ਭਗਤ ਹੋਏ ਹਨ। 1916 ਵਿਚ ਉਹ ਗਾਂਧੀ ਜੀ ਦੇ ਸੰਪਰਕ ਵਿਚ ਆਏ, ਪੂਰੇ 32 ਸਾਲ ਉਹ ਮਹਾਤਮਾ ਜੀ ਦੇ ਵਫ਼ਾਦਾਰ ਸਾਥੀਆਂ ਵਾਂਗ ਦੇਸ਼ ਸੇਵਾ ਦੇ ਕਾਰਜਾਂ ਵਿਚ ਜੁਟੇ ਰਹੇ।

ਗਾਂਧੀ ਜੀ 1916 ਵਿਚ ਅਫਰੀਕਾ ਤੋਂ ਭਾਰਤ ਆ ਗਏ। ਉਨ੍ਹਾਂ ਨੇ ਦੇਸ਼ ਵਾਸੀਆਂ ਵਿਚ ਜਾਗਰਤੀ ਪੈਦਾ ਕਰਨ ਅਤੇ ਮਦਹੋਸ਼ ਸੁੱਤੀ ਪਈ ਅਗਰੇਜ਼ੀ ਸਰਕਾਰ ਨੂੰ ਜਗਾਉਣ ਲਈ ਸ਼ਾਂਤਮਈ ਸਤਿਆਗ੍ਰਹਿ ਆਰੰਭ ਕੀਤਾ। ਗਾਂਧੀ ਜੀ ਨੂੰ ਪੰਡਤ ਜਵਾਹਰ ਲਾਲ ਨਹਿਰੂ, ਸਰਦਾਰ ਪਟੇਲ, ਡਾਕਟਰ ਰਾਜਿੰਦਰ ਪਰਸ਼ਾਦ ਤੇ ਮੌਲਾਨਾ ਆਜ਼ਾਦ ਵਰਗੇ ਅਨੇਕਾਂ ਅਜਿਹੇ ਵਫ਼ਾਦਾਰ ਨੇਤਾ ਮਿਲੇ, ਜੋ ਗਾਂਧੀ ਜੀ ਦੇ ਬਚਨਾਂ ਤੇ ਫੁਲ ਚੜਾਉਂਦੇ ਸਨ। ਇਨ੍ਹਾਂ ਮਹਾਂ ਪੁਰਸ਼ਾਂ ਦੀਆਂ ਮਹਾਨ ਕੁਰਬਾਨੀਆਂ ਨਾਲ ਹੀ ਦੇਸ਼ ਆਜ਼ਾਦ ਹੋਇਆ। ਮਹਾਤਮਾ ਗਾਂਧੀ ਨੇ ਸਭ ਤੋਂ ਪਹਿਲਾਂ ਸਤਿਆਗ੍ਰਹਿ ਗੁਜਰਾਤ ਵਿਚ ਅਰੰਭ ਕੀਤਾ। ਉਸ ਸਮੇਂ ਸਰਦਾਰ ਪਟੇਲ ਵਕਾਲਤ

ਕਰਦੇ ਸਨ। ਜਦ ਮਹਾਤਮਾ ਜੀ ਨੇ ਉਨ੍ਹਾਂ ਨੂੰ ਦੇਸ਼ ਸੇਵਾ ਵਿਚ ਜੁਟਣ ਲਈ ਕਿਹਾ, ਤਾਂ ਉਨ੍ਹਾਂ ਨੇ ਵਕਾਲਤ ਨੂੰ ਸਦਾ ਲਈ ਤਿਆਗ ਦਿੱਤਾ। ਇਸ ਮਗਰੋਂ ਦੇਸ਼-ਆਜ਼ਾਦੀ ਦੇ ਕਾਰਜਾਂ ਵਿਚ ਉਨ੍ਹਾਂ ਨੇ ਆਪਣਾ ਸਾਰਾ ਜੀਵਨ ਲਗਾ ਦਿੱਤਾ।

1947 ਵਿਚ ਦੇਸ਼ ਆਜ਼ਾਦ ਹੋ ਗਿਆ, ਪਰ ਆਜ਼ਾਦੀ ਮਗਰੋਂ ਵੀ ਦੇਸ਼ ਦੇ ਰਾਹ ਵਿਚ ਬੜੀਆਂ ਉਲਝਨਾਂ ਸਨ। ਇਨ੍ਹਾਂ ਨੂੰ ਸੁਲਝਾਣ ਵਿਚ ਲੋਹ ਪੁਰਸ਼ ਸਰਦਾਰ ਪਟੇਲ ਦਾ ਬੜਾ ਵੱਡਾ ਹੱਥ ਹੈ। ਭਾਰਤ ਛੱਡਣ ਵੇਲੇ ਅੰਗਰੇਜ਼ ਕਈ ਮੁਸੀਬਤਾਂ ਸਾਡੇ ਗਲ ਪਾ ਗਏ ਸਨ ਤੇ ਉਨ੍ਹਾਂ ਵਿਚੋਂ ਸਭ ਤੋਂ ਵਡੀ ਸਿਰਦਰਦੀ ਦੇਸੀ ਰਿਆਸਤਾਂ ਦੇ ਪੁਨਰਗਠਨ ਦੀ ਸੀ। ਅੰਗਰੇਜ਼ੀ ਹਕੂਮਤ ਨੇ ਰਿਆਸਤਾਂ ਨੂੰ ਖੁਲੀ ਛੁੱਟੀ ਦੇ ਦਿਤੀ ਸੀ ਕਿ ਉਹ ਭਾਰਤ ਜਾਂ ਪਾਕਿਸਤਾਨ ਵਿਚ ਸ਼ਾਮਲ ਹੋ ਸਕਦੀਆਂ ਹਨ ਤੇ ਆਪਣੀ ਮਰਜ਼ੀ ਨਾਲ ਆਜ਼ਾਦ ਵੀ ਰਹਿ ਸਕਦੀਆਂ ਹਨ। ਸਰਦਾਰ ਪਟੇਲ ਨੇ ਬਹੁਤ ਸਾਰੀਆਂ ਦੇਸੀ ਰਿਆਸਤਾਂ ਨੂੰ ਭਾਰਤ ਵਿਚ ਸ਼ਾਮਲ ਕਰ ਲਿਆ, ਪਰ ਕਸ਼ਮੀਰ, ਜੂਨਾ ਗੜ੍ਹ ਤੇ ਹੈਦਰਾਬਾਦ ਤਿੰਨ ਅਜਿਹੀਆਂ ਰਿਆਸਤਾਂ ਸਨ, ਜੋ ਆਜ਼ਾਦ ਰਹਿਣਾ ਪਸੰਦ ਕਰਦੀਆਂ ਸਨ। ਸਰਦਾਰ ਪਟੇਲ ਚੰਗੀ ਤਰ੍ਹਾਂ ਜਾਣਦੇ ਸਨ ਕਿ ਆਜ਼ਾਦ ਰਿਆਸਤਾਂ ਵਿਚ ਸਦਾ ਭਾਰਤ ਵਿਰੁੱਧ ਸਾਜਸ਼ਾਂ ਹੁੰਦੀਆਂ ਰਹਿਣਗੀਆਂ। ਜਦ ਤਕ ਇਹ ਰਿਆਸਤਾਂ ਕਾਇਮ ਰਹਿਣਗੀਆਂ, ਭਾਰਤ, ਅੰਦਰੂਨੀ ਅਤੇ ਬਾਹਰਲੇ ਖਤਰਿਆਂ ਵਿਚ ਘਿਰਿਆ ਰਹੇਗਾ। ਸੋ ਉਨ੍ਹਾਂ ਨੇ ਬੜੀ ਦਲੇਰੀ ਤੇ ਸਿਆਣਪ ਨਾਲ ਵਾਰੋ ਵਾਰੀ ਤਿੰਨਾਂ ਰਿਆਸਤਾਂ ਨੂੰ ਭਾਰਤ ਵਿਚ ਸ਼ਾਮਲ ਕਰਨ ਦਾ ਬੀੜਾ ਚੁੱਕਿਆ। ਸਰਦਾਰ ਪਟੇਲ ਦੀ ਸੂਝ ਬੂਝ ਅਤੇ ਸਿਆਣਪ ਦਾ ਹੀ ਨਤੀਜਾ ਸੀ ਕਿ ਮਾਮੂਲੀ ਜਿਹੇ ਖੂਨ ਖਰਾਬੇ ਮਗਰੋਂ ਤਿੰਨੇ ਵੱਡੀਆਂ ਰਿਆਸਤਾਂ ਭਾਰਤ ਵਿਚ ਸ਼ਾਮਲ ਹੋ ਗਈਆਂ। ਇਸ ਤਰ੍ਹਾਂ ਸਰਦਾਰ ਪਟੇਲ ਨੇ ਇਕ ਤਪੱਸਵੀ ਵਾਂਗ ਆਪਣਾ ਸਾਰਾ ਜੀਵਨ ਦੇਸ਼ ਦੇ ਲੇਖੇ ਲਾ ਦਿੱਤਾ।

-0-

2

# ਮੁਢਲਾ ਜੀਵਨ ਤੇ ਵਿਦਿਆ ਪ੍ਰਾਪਤੀ

ਸਾਡਾ ਦੇਸ਼ ਕਈ ਸਦੀਆਂ ਗੁਲਾਮ ਰਿਹਾ। ਦੇਸ਼ ਦੀ ਆਜ਼ਾਦੀ ਲਈ ਕਈ ਯਤਨ ਕੀਤੇ ਗਏ, ਪਰ ਜਦ ਤਕ ਕੋਈ ਯਤਨ ਲੋਕ ਲਹਿਰ ਦਾ ਰੂਪ ਨਾ ਧਾਰਨ ਕਰ ਲਵੇ ਉਦੋਂ ਤਕ ਸੁਤੰਤਰਤਾ ਦਾ ਮੂੰਹ ਵੇਖਣਾ ਨਸੀਬ ਨਹੀਂ ਹੁੰਦਾ। ਵੀਹਵੀਂ ਸਦੀ ਦੇ ਆਰੰਭ ਵਿਚ ਮਹਾਤਮਾ ਗਾਂਧੀ ਜੀ ਨੇ ਇਕ ਜਥੇਬੰਦ ਲੋਕ ਲਹਿਰ ਚਲਾਈ। ਇਸ ਲਹਿਰ ਦਾ ਨਾਂ ਉਨ੍ਹਾਂ ਨੇ ਸਤਿਆਗ੍ਰਹਿ ਰਖਿਆ। ਸਤਿਆਗ੍ਰਹਿ ਦਾ ਭਾਵ ਸਚਾਈ ਦੀ ਲੜਾਈ ਲੜਨੀ ਤੇ ਉਹ ਵੀ ਲੁਕ ਛਿਪ ਕੇ ਨਹੀਂ, ਬਹਾਦਰਾਂ ਵਾਂਗ ਸਾਹਮਣੇ ਡਟਕੇ। ਅੰਗਰੇਜ਼ੀ ਹਕੂਮਤ ਇੰਨੀ ਸ਼ਕਤੀਸ਼ਾਲੀ ਸੀ ਕਿ ਉਸ ਤੋਂ ਹਥਿਆਰਾਂ ਦੀ ਲੜਾਈ ਵਿਚ ਦੇਸ਼ ਜਿਤ ਨਹੀਂ ਸੀ ਸਕਦਾ। ਇਸੇ ਲਈ ਮਹਾਤਮਾ ਜੀ ਨੇ ਸਤਿਆਗ੍ਰਹਿ ਦਾ ਰਾਹ ਅਪਣਾਇਆ। ਇਸ ਸੰਘਰਸ਼ ਰਾਹੀਂ ਸਾਰਾ ਦੇਸ਼ ਡਟ ਕੇ ਅੰਗਰੇਜ਼ ਨਾਲ ਕਈ ਸਾਲ ਲੋਹਾ ਲੈਂਦਾ ਰਿਹਾ। ਭਾਵੇਂ ਅੰਗਰੇਜ਼ ਲਾਠੀ ਉਠਾਏ ਜਾਂ ਗੋਲੀ ਚਲਾਏ ਪਰ ਉਨ੍ਹਾਂ ਦਾ ਨਿਸਚਾ ਸੀ ਕਿ ਅੱਗੋਂ ਹੱਥ ਨਹੀਂ ਉਠਾਉਣਾ ਅਤੇ ਸ਼ਾਂਤਮਈ ਰਹਿਕੇ ਆਪਣੇ ਮੰਤਵ ਲਈ ਡਟੇ ਰਹਿਣਾ ਹੈ। ਸਤਿਆਗ੍ਰਹਿ ਦੀ ਜੰਗ ਲਈ ਇਕ ਦਮ ਸਾਰਾ ਦੇਸ਼ ਤਿਆਰ ਹੋ ਗਿਆ। ਇਸ ਤੋਂ ਪਹਿਲਾਂ ਆਜ਼ਾਦੀ ਦੀ ਕੋਈ ਅਜਿਹੀ ਲੜਾਈ ਨਹੀਂ ਲੜੀ ਗਈ, ਜਿਸ ਵਿਚ ਜਥੇਬੰਦ ਹੋਕੇ ਇਕੋ ਵਕਤ ਸਾਰਾ ਦੇਸ਼ ਕੁੱਦ ਪਿਆ ਹੋਵੇ।

ਉਨ੍ਹੀਵੀਂ ਸਦੀ ਦੇ ਅੰਤਲੇ ਦੋ ਦਹਾਕਿਆਂ ਵਿਚ ਭਾਰਤ ਨੇ ਕੁਝ ਅਜਿਹੀਆਂ ਨਿਡਰ ਤੇ ਬਹਾਦਰ ਹਸਤੀਆਂ ਪੈਦਾ ਕੀਤੀਆਂ, ਜਿਨ੍ਹਾਂ ਨੇ ਦੇਸ਼ ਨੂੰ ਆਜ਼ਾਦ ਕਰਾਉਣ ਹਿਤ ਆਪਣਾ ਤਨ, ਮਨ ਤੇ ਧਨ ਨਿਛਾਵਰ ਕਰ ਦਿੱਤਾ। ਉਨ੍ਹਾਂ ਬਹਾਦਰ ਨੇਤਾਵਾਂ ਵਿਚੋਂ ਇਕ ਸਰਦਾਰ ਪਟੇਲ ਵੀ ਸਨ। ਸਰਦਾਰ ਪਟੇਲ ਨੇ ਆਪਣੇ ਜੀਵਨ ਵਿਚ ਦੇਸ਼ ਨੂੰ ਆਜ਼ਾਦ ਕਰਾਉਣ ਲਈ ਬੜੀਆਂ ਕੁਰਬਾਨੀਆਂ ਕੀਤੀਆਂ। ਅਨੇਕ ਵਾਰ ਉਹ ਜੇਲ੍ਹ ਗਏ। ਬਾਹਰ ਆਉਂਦਿਆਂ ਸਾਰ

ਫਿਰ ਸਤਿਆ-ਗ੍ਰਹਿ ਦੀ ਜੰਗ ਵਿਚ ਕੁੱਦ ਪੈਂਦੇ ਰਹੇ ਤੇ ਅੰਤ ਉਨ੍ਹਾਂ ਚੈਨ ਉਦੋਂ ਹੀ ਲਿਆ ਜਦ ਉਨ੍ਹਾਂ ਨੇ ਅੰਗਰੇਜ਼ਾਂ ਨੂੰ ਦੇਸ਼ੋਂ ਬਾਹਰ ਕੱਢ ਸੱਤ ਸਮੁੰਦਰੋਂ ਪਾਰ ਪੁਚਾ ਦਿੱਤਾ।

ਸਰਦਾਰ ਪਟੇਲ ਦਾ ਇਕ ਮਾਮੂਲੀ ਕਿਸਾਨ ਘਰਾਣੇ ਵਿਚ 31 ਅਕਤੂਬਰ, 1875 ਈ. ਨੂੰ ਕਰਮਸਦ ਪਿੰਡ ਵਿਚ ਜਨਮ ਹੋਇਆ। ਸਰਦਾਰ ਦੇ ਜਨਮ ਸਮੇਂ ਉਨ੍ਹਾਂ ਦੇ ਪਿਤਾ ਝਵੇਰ ਭਾਈ ਪਟੇਲ ਦੀ ਮਾਲੀ ਹਾਲਤ ਬਹੁਤ ਖਰਾਬ ਸੀ। ਕਿਸੇ ਜਿਮੀਂਦਾਰ ਦੇ ਖੇਤਾਂ ਵਿਚ ਉਹ ਮਾਮੂਲੀ ਮਜ਼ਦੂਰੀ ਦਾ ਕੰਮ ਕਰਦੇ। ਕੁਝ ਆਪਣੀ ਖੇਤੀ ਵੀ ਸੀ ਪਰ ਘਰ ਦਾ ਗੁਜ਼ਾਰਾ ਮੁਸ਼ਕਲ ਨਾਲ ਹੀ ਤੁਰਦਾ ਸੀ।

ਝਵੇਰ ਭਾਈ ਸੰਨ 1857 ਦੀ ਆਜ਼ਾਦੀ ਦੀ ਪਹਿਲੀ ਲੜਾਈ ਸਮੇਂ ਰਾਣੀ ਝਾਂਸੀ ਦੀ ਫੌਜ ਵਿਚ ਨੌਕਰ ਸਨ। ਇਸ ਲੜਾਈ ਨੂੰ ਅੰਗਰੇਜ਼ 'ਗ਼ਦਰ' ਆਖਦੇ ਸਨ, ਪਰ ਅਸਲ ਵਿਚ ਦੇਸ਼ ਆਜ਼ਾਦ ਕਰਾਉਣ ਦਾ ਇਹ ਪਹਿਲਾ ਯਤਨ ਸੀ। ਝਵੇਰ ਇਸ ਲੜਾਈ ਸਮੇਂ ਬੜੀ ਬਹਾਦਰੀ ਨਾਲ ਲੜੇ। ਉਹ ਇਨੀਂ ਦਿਨੀਂ ਭਰ ਜਵਾਨ ਸਨ। ਉਨ੍ਹਾਂ ਦੇ ਸੀਨੇ ਵਿਚ ਦੇਸ਼ ਦੀ ਆਜ਼ਾਦੀ ਦੀ ਤੜਪ ਸੀ। ਜਦੋਂ ਦੇਸ਼ ਦੇ ਲੱਖਾਂ ਨੌਜਵਾਨ ਇਸ ਲੜਾਈ ਵਿਚ ਕੁੱਦ ਪਏ ਹੋਣ ਤਾਂ ਬਹਾਦਰ ਜਵਾਨ ਝਵੇਰ ਭਾਈ ਕਿਵੇਂ ਖਾਮੋਸ਼ ਰਹਿ ਸਕਦੇ ਸਨ। ਉਹ ਘਰ ਵਾਲਿਆਂ ਨੂੰ ਦੱਸੇ ਬਿਨਾਂ ਘਰੋਂ ਲਾਪਤਾ ਹੋ ਗਏ। ਪੂਰੇ ਤਿੰਨ ਸਾਲ ਘਰ ਵਾਲੇ ਉਨ੍ਹਾਂ ਤੋਂ ਬੇਖਬਰ ਰਹੇ। ਇਸ ਸਮੇਂ ਦੇ ਦੌਰਾਨ ਉਹ ਰਾਣੀ ਝਾਂਸੀ ਅਤੇ ਨਾਨਾ ਸਾਹਿਬ ਧੰਦੂ ਪਤ ਦੀ ਫੌਜ ਵਿਚ ਭਰਤੀ ਹੋ ਕੇ ਅੰਗਰੇਜ਼ਾਂ ਵਿਰੁੱਧ ਲੜਦੇ ਰਹੇ ਤੇ ਅੰਤ ਇੰਦੌਰ ਦੇ ਰਾਜਾ ਮਲਹਾਰ ਰਾਓ ਹੁਲਕਰ ਨੇ ਉਨ੍ਹਾਂ ਨੂੰ ਬੰਦੀ ਬਣਾ ਲਿਆ।

ਰਾਜਾ ਹੁਲਕਰ ਸ਼ਤਰੰਜ ਦਾ ਬੜਾ ਤਕੜਾ ਖਿਡਾਰੀ ਸੀ। ਜਦ ਉਸ ਨੂੰ ਇਹ ਪਤਾ ਲੱਗਾ ਕਿ ਝਵੇਰ ਭਾਈ ਸ਼ਤਰੰਜ ਦਾ ਮਹਾਨ ਖਿਡਾਰੀ ਹੈ ਤਾਂ ਉਸ ਨੇ ਝਵੇਰ ਭਾਈ ਨੂੰ ਨਾਲ ਦੇ ਬੰਦ ਕਮਰੇ ਵਿਚੋਂ ਸੀਖਾਂ ਦੇ ਦਰਵਾਜੇ ਰਾਹੀਂ ਸ਼ਤਰੰਜ ਦੀ ਖੇਡ ਵੇਖਣ ਦੀ ਆਗਿਆ ਦੇ ਦਿਤੀ। ਇਕ ਦਿਨ ਮਹਾਰਾਜਾ ਇਕ ਹੋਰ ਤਕੜੇ ਖਿਡਾਰੀ ਨਾਲ ਸ਼ਤਰੰਜ ਖੇਡ ਰਿਹਾ ਸੀ। ਉਸ ਸਮੇਂ ਉਸਨੂੰ ਇਕ ਅਜਿਹੀ ਚਾਲ ਚਲਣ ਤੋਂ ਝਵੇਰ ਭਾਈ ਨੇ ਰੋਕ ਦਿੱਤਾ ਜਿਸ ਚਾਲ ਨਾਲ ਉਹਨੇ ਮਾਤ ਖਾ ਜਾਣੀ ਸੀ। ਝਵੇਰ ਭਾਈ ਨੇ ਇਕ ਬਹੁਤ ਵਧੀਆ ਚਾਲ ਚਲਣ ਲਈ ਕਿਹਾ। ਮਹਾਰਾਜਾ ਉਹੀ ਚਾਲ ਚਲਿਆ ਤੇ ਉਸ ਨੇ ਆਪਣੇ ਵਿਰੋਧੀ ਨੂੰ ਹਰਾ ਦਿੱਤਾ।

ਹੁਣ ਮਹਾਰਾਜਾ ਝਵੇਰ ਭਾਈ ਤੇ ਬਹੁਤ ਪ੍ਰਸੰਨ ਸੀ। ਉਸ ਨੇ ਛੇਤੀ ਹੀ ਸ਼ਤਰੰਜ ਦੇ ਖਿਡਾਰੀ ਕੈਦੀ ਨੂੰ ਰਿਹਾ ਕਰ ਦਿੱਤਾ। ਮਹਾਰਾਜਾ ਨੇ ਉਸ ਨੂੰ ਬਾਕੀ ਦਾ ਜੀਵਨ ਇੰਦੌਰ ਹੀ

ਬਿਤਾਉਣ ਲਈ ਕਿਹਾ, ਪਰ ਨਟਖਟ ਤਬੀਅਤ ਦੇ ਝਵੇਰ ਭਾਈ ਅਜਿਹਾ ਨਾ ਕਰ ਸਕੇ। ਰਿਹਾਈ ਮਗਰੋਂ ਉਹ ਆਪਣੇ ਪਿੰਡ ਆ ਗਏ ਤੇਮੁੜ ਖੇਤੀ ਦੇ ਕੰਮ ਵਿਚ ਜੁਟ ਗਏ।

ਝਵੇਰ ਭਾਈ ਨੇ ਦੋ ਵਿਆਹ ਕੀਤੇ। ਪਹਿਲੀ ਪਤਨੀ ਦੀ ਮ੍ਰਿਤੂ ਹੋ ਗਈ ਤਾਂ ਦੂਜੀ ਸ਼ਾਦੀ ਝਾੜ ਬਾਈ ਨਾਂ ਦੀ ਲੜਕੀ ਨਾਲ ਹੋਈ। ਝਵੇਰ ਭਾਈ ਦੇ ਪੰਜ ਪੁੱਤਰ ਅਤੇ ਇਕ ਪੁੱਤਰੀ ਸੀ। ਇਨ੍ਹਾਂ ਵਿਚੋਂ ਸਭ ਤੋਂ ਵੱਡੇ ਦਾ ਨਾਂ ਸੋਮਾ ਭਾਈ ਸੀ। ਉਸ ਤੋਂ ਛੋਟੇ ਨਰ ਸਿੰਘ ਭਾਈ, ਵਿਠਲ ਭਾਈ, ਵਲਭ ਭਾਈ ਤੇ ਕਾਸ਼ੀ ਭਾਈ ਸਨ। ਸਭ ਤੋਂ ਛੋਟੀ ਲੜਕੀ ਸੀ ਜਿਸਦਾ ਨਾਂ ਡਾਈਆ ਸੀ।

ਝਵੇਰ ਭਾਈ ਦੇ ਦੋ ਪੁੱਤਰ ਬਹੁਤ ਪ੍ਰਸਿੱਧ ਹੋਏ—ਵਿਠਲ ਭਾਈ ਅਤੇ ਵਲਭ ਭਾਈ ਪਟੇਲ। ਵਲਭ ਭਾਈ ਵਿਠਲ ਭਾਈ ਤੋਂ ਛੋਟੇ ਸਨ। ਉਨ੍ਹਾਂ ਦਾ ਬਪਚਨ ਆਪਣੇ ਪਿੰਡ ਹੀ ਬੀਤਿਆ। ਸਕੂਲ ਵਿਚ ਉਹ ਲਾਇਕ ਵਿਦਿਆਰਥੀ ਸਮਝੇ ਜਾਂਦੇ ਸਨ। ਇਸ ਦੇ ਨਾਲ ਹੀ ਉਹ ਆਪਣੇ ਸਾਥੀ ਵਿਦਿਆਰਥੀਆਂ ਦੇ ਨੇਤਾ ਵੀ ਸਨ। ਵਿਦਿਆਰਥੀਆਂ ਨੂੰ ਕੋਈ ਔਕੜ ਪੇਸ਼ ਆ ਜਾਵੇ, ਵਲਭ ਭਾਈ ਹੀ ਉਨ੍ਹਾਂ ਦੀ ਅਗਵਾਈ ਕਰਦੇ ਸਨ। ਆਪਣੇ ਬਚਪਨ ਵਿਚ ਹੀ ਉਨ੍ਹਾਂ ਨੇ ਆਪਣੇ ਸਾਥੀਆਂ ਦੀ ਇਕ ਜਥੇਬੰਦੀ ਬਣਾਈ ਤੇ ਆਪ ਉਸਦੇ ਨੇਤਾ ਬਣ ਗਏ। ਪਿੰਡ ਵਿਚ ਵਿਦਿਆ ਪ੍ਰਾਪਤ ਕਰਨ ਪਿਛੋਂ ਉਹ ਨੜਿਆਦ ਦੇ ਹਾਈ ਸਕੂਲ ਵਿਚ ਦਾਖਲ ਹੋਏ। ਸਕੂਲ ਦਾ ਇਕ ਮਾਸਟਰ ਪੜ੍ਹਾਈ ਨਾਲੋਂ ਵਧੇਰੇ ਧਿਆਨ ਆਪਣੀ ਦੁਕਨਦਾਰੀ ਵੱਲ ਦਿੰਦਾ ਸੀ। ਉਸ ਨੇ ਆਪਣੇ ਘਰ ਪਾਠ ਪੁਸਤਕਾਂ ਤੇ ਕਾਪੀਆਂ ਦੀ ਦੁਕਾਨ ਖੋਲ੍ਹ ਰਖੀ ਸੀ। ਉਹ ਵਿਦਿਆਰਥੀਆਂ ਨੂੰ ਆਪਣੀ ਦੁਕਾਨ ਤੋਂ ਇਹ ਚੀਜ਼ਾਂ ਖ੍ਰੀਦਣ ਲਈ ਮਜ਼ਬੂਰ ਕਰਦਾ ਸੀ। ਇਹ ਗੱਲ ਵਲਭ ਭਾਈ ਦਾ ਬਾਗੀ ਮਨ ਨਾ ਮੰਨ ਸਕਿਆ। ਸੋ ਉਸ ਨੇ ਐਲਾਨ ਕਰ ਦਿੱਤਾ ਕਿ ਕੋਈ ਵਿਦਿਆਰਥੀ ਮਾਸਟਰ ਦੀ ਦੁਕਾਨ ਤੋਂ ਪੁਸਤਕਾਂ, ਕਾਪੀਆਂ ਅਤੇ ਕਲਮ ਦਵਾਤਾਂ ਨਾ ਖਰੀਦੇ। ਵਿਦਿਆਰਥੀਆਂ ਨੇ ਵਲਭ ਭਾਈ ਦੀ ਅਗਵਾਈ ਹੇਠ ਸਕੂਲ ਵਿਚ ਹੜਤਾਲ ਕਰ ਦਿੱਤੀ। ਹਫਤਾ ਭਰ ਸਕੂਲ ਬੰਦ ਰਿਹਾ। ਛੇਤੀ ਹੀ ਵਿਦਿਆਰਥੀਆਂ ਨੂੰ ਆਪਣੀ ਦੁਕਾਨ ਤੋਂ ਕਿਤਾਬਾਂ ਖਰੀਦਣ ਤੇ ਮਜਬੂਰ ਕਰਨ` ਵਾਲਾ ਅਧਿਆਪਕ ਸਿਧੇ ਰਸਤੇ ਆ ਗਿਆ। ਹੁਣ ਵਿਦਿਆਰਥੀਆਂ ਨੂੰ ਖੁਲ੍ਹੀ ਛੁੱਟੀ ਸੀ। ਉਹ ਜਿਥੋਂ ਚਾਹੁਣ, ਪੁਤਸਕਾਂ ਆਦਿ ਖਰੀਦ ਸਕਦੇ ਸਨ। ਉਨ੍ਹਾਂ ਦਿਨਾਂ ਵਿਚ ਇਹ ਪਹਿਲੀ ਹੜਤਾਲ ਸੀ ਜੋ ਪੂਰੀ ਤਰਾਂ ਸਫਲ ਹੋਈ। ਇਸ ਨਾਲ ਇਸ ਇਲਾਕੇ ਵਿਚ ਵਲਭ ਭਾਈ ਦਾ ਨਾਂ ਪ੍ਰਸਿਧ ਹੋ ਗਿਆ।

ਬਚਪਨ ਵਿਚ ਹੀ ਵਲਭ ਭਾਈ ਨਾਲ ਇਕ ਹੋਰ ਘਟਨਾ ਅਜਿਹੀ ਬੀਤੀ ਜਿਸ ਤੋਂ ਸਾਬਤ ਹੋ ਗਿਆ ਕਿ ਬਾਲ ਵਲਭ ਵੱਡਾ ਹੋਕੇ ਜ਼ਰੂਰ ਇਕ ਮਹਾਨ ਨੇਤਾ ਬਣੇਗਾ।

ਵਲਭ ਭਾਈ ਮੈਟ੍ਰਿਕ ਦੀ ਪੜ੍ਹਾਈ ਕਰਨ ਲਈ ਬੜੌਦਾ ਸ਼ਹਿਰ ਦੇ ਸਕੂਲ ਵਿਚ ਦਾਖਲ ਹੋ ਗਏ। ਪਹਿਲਾਂ ਉਨ੍ਹਾਂ ਨੇ ਸੰਸਕ੍ਰਿਤ ਲਈ, ਮਗਰੋਂ ਸੰਸਕ੍ਰਿਤ ਛੱਡਕੇ ਗੁਜਰਾਤੀ ਲੈ ਲਈ। ਗੁਜਰਾਤੀ ਦਾ ਅਧਿਆਪਕ ਛੋਟੇ ਲਾਲ ਨਹੀਂ ਸੀ ਚਾਹੁੰਦਾ ਕਿ ਉਸਦੀ ਕਲਾਸ ਵਿਚ ਬਹੁਤੇ ਵਿਦਿਆਰਥੀ ਹੋਣ। ਜਦ ਵਲਭ ਭਾਈ ਉਸਦੀ ਸ਼ਰੇਣੀ ਵਿਚ ਪੁਜੇ ਤਾਂ ਅਧਿਆਪਕ ਨੇ ਮਖੌਲ ਨਾਲ ਕਿਹਾ, “ਮਹਾਂ ਪੁਰਸ਼ੋ ! ਕਿਥੋਂ ਆ ਰਹੇ ਹੋ ?" 'ਨੜਿਆਦ ਤੋਂ ਸ਼੍ਰੀ ਮਾਨ ਜੀ।” ਵਲਭ ਦਾ ਸੰਖੇਖ ਉਤਰ ਸੀ।

ਉਸ ਸਮੇਂ ਵਿਅੰਗ ਨਾਲ ਕਹੇ ਅਧਿਆਪਕ ਦੇ ਸ਼ਬਦ ਅੰਤ ਸਚ ਹੋਕੇ ਵਿਦਿਆਰਥੀ ਸਾਰੇ ਭਾਰਤ ਦਾ ਨੇਤਾ ਹੀ ਨਹੀਂ ਸਗੋਂ ਹਕੂਮਤ ਦਾ ਵੀ ਚਮਕਦਾ ਦੁਨੀਆਂ ਤੇ ਪ੍ਰਸਿੱਧ ਹੋਇਆ।

ਅਧਿਆਪਕ ਨੇ ਕਿਹਾ, "ਤੂੰ ਸੰਸਕ੍ਰਿਤ ਛੱਡਕੇ ਗੁਜਰਾਤੀ ਕਿਓਂ ਲਈ ?"

“ਜੇ ਮੈਂ ਪਹਿਲਾਂ ਹੀ ਗੁਜਰਾਤੀ ਲਈ ਹੁੰਦੀ ਤਾਂ ਹੁਣ ਨਾਲੋਂ ਕੋਈ ਅਨੋਖੀ ਗੱਲ ਹੋਣੀ ਸੀ ?" ਵਲਭ ਭਾਈ ਨੇ ਉਤਰ ਦਿੱਤਾ।

"ਸ਼ੈਤਾਨ ! ਅਗੋਂ ਹੁਜਤਾਂ ਕਰਦਾ ਹੈ” ਅਧਿਆਪਕ ਨੇ ਗੁੱਸੇ ਵਿਚ ਕਿਹਾ ਤੇ ਵਲਭ ਨੂੰ ਬੈਂਚ ਉੱਤੇ ਖੜਾ ਕਰ ਦਿੱਤਾ।

ਇਸ ਮਗਰੋ ਅਧਿਆਪਕ ਨੇ ਉਸ ਨੂੰ ਸਜ਼ਾ ਦੇ ਤੌਰ ਤੇ ਰੋਜ਼ਾਨਾ ਘਰੋਂ ਪਹਾੜੇ ਲਿਖ ਕੇ ਲਿਆਉਣ ਲਈ ਕਿਹਾ। ਦਸਵੀਂ ਜਮਾਤ ਦੇ ਵਿਦਿਆਰਥੀ ਨੂੰ ਘਰੋਂ ਪਹਾੜੇ ਲਿਖਣ ਲਈ ਕਹਿਣਾ ਵੀ ਉਸ ਲਈ ਬੇਇਜ਼ਤੀ ਵਾਲੀ ਗੱਲ ਹੈ। ਇਸ ਤਰ੍ਹਾਂ ਉਸਤਾਦ ਤੇ ਸ਼ਾਗਿਰਦ ਦੀ ਆਪੋ ਵਿਚ ਠਣ ਗਈ। ਦੂਜੇ ਦਿਨ ਬੜੇ ਕੁਰੱਖਤ ਲਹਿਜੇ ਵਿਚ ਅਧਿਆਪਕ ਨੇ ਕਿਹਾ, “ਪਾੜੇ ਲਿਖ ਲਿਆਇਆ ਹੈਂ ?"

ਗੁਜਰਾਤੀ ਵਿਚ ‘ਪਾੜੇ' ਦੇ ਦੋ ਅਰਥ ਹਨ। ਇਕ ਅਰਥ ਹੈ 'ਪਹਾੜੇ' ਤੇ ਦੂਜੇ ਅਰਥ ਹਨ ਕੱਟਾ। ਮਾਸਟਰ ਦੇ ਪ੍ਰਸ਼ਨ ਤੇ ਵਲਭ ਨੇ ਵਿਅੰਗ ਨਾਲ ਕਿਹਾ, "ਮਾਸਟਰ ਜੀ ! ਪਾੜੇ

ਲਿਆਇਆ ਸੀ, ਪਰ ਸਕੂਲ ਦੇ ਦਰਵਾਜੇ ਤੇ ਦੋ 'ਪਾੜੇ' ਆਪੋ ਵਿਚ ਲੜ ਪਏ, ਉਨ੍ਹਾਂ ਨੂੰ ਵੇਖ ਬਾਕੀ 'ਪਾੜੇ' ਨਠ ਗਏ।"

ਅਧਿਆਪਕ ਨੇ ਇਹ ਗਲ ਸੁਣ ਕੇ ਮੁਖ ਅਧਿਆਪਕ ਨੂੰ ਸ਼ਿਕਾਇਤ ਕਰ ਦਿੱਤੀ। ਸਾਰੀ ਗੱਲ ਪਤਾ ਲਗਣ ਤੇ ਮੁੱਖ ਅਧਿਆਪਕ ਵੀ ਮੁਸਕਰਾ ਪਿਆ। ਉਸਨੇ ਵਲਭ ਨੂੰ ਕੁਝ ਕਹੇ ਬਿਨਾਂ ਕਲਾਸ ਵਿਚ ਜਾਣ ਦਾ ਇਸ਼ਾਰਾ ਕਰ ਦਿੱਤਾ।

ਦੋ ਕੁ ਮਹੀਨੇ ਮਗਰੋਂ ਜਦੋਂ ਵਲਭ ਭਾਈ ਦਾ ਇਕ ਹੋਰ ਅਧਿਆਪਕ ਨਾਲ ਝਗੜਾ ਸ਼ੁਰੂ ਹੋ ਗਿਆ ਤਾਂ ਉਨ੍ਹਾਂ ਨੂੰ ਸਕੂਲ ਵਿਚੋਂ ਕੱਢ ਦਿੱਤਾ ਗਿਆ। ਬੜੌਦੇ ਦਾ ਸਕੂਲ ਛੱਡ ਕੇ ਵਿਦਿਆਰਥੀ ਵਲਭ ਫਿਰ ਨੜਿਆਦ ਆ ਗਿਆ। ਉਥੇ 22 ਸਾਲ ਦੀ ਉਮਰ ਵਿਚ ਉਨ੍ਹਾਂ ਨੇ ਮੈਟ੍ਰਿਕ ਕੀਤੀ।

ਵਲਭ ਭਾਈ ਬਚਪਨ ਵਿਚ ਬਹੁਤ ਨਿਡਰ ਸਨ। ਉਹ ਹਰ ਖਤਰੇ ਦਾ ਮੁਕਾਬਲਾ ਕਰਨ ਲਈ ਸਦਾ ਤਿਆਰ ਰਹਿੰਦੇ ਸਨ। ਉਨ੍ਹਾਂ ਦਾ ਕਹਿਣਾ ਸੀ, "ਮੈਨੂੰ ਸਾਹਸੀ ਅਤੇ ਦਲੇਰ ਮੁੰਡੇ ਹੀ ਪਸੰਦ ਹਨ, ਮੈਂ ਕਿਸੇ ਬੁਜ਼ਦਿਲ ਦਾ ਸਾਥ ਨਹੀਂ ਦੇ ਸਕਦਾ।" ਬੇਇਨਸਾਫੀ ਨੂੰ ਉਹ ਸਹਾਰ ਨਹੀਂ ਸਨ ਸਕਦੇ। ਇਕ ਵਾਰ ਉਨ੍ਹਾਂ ਨੂੰ ਫੋੜਾ ਨਿਕਲ ਆਇਆ। ਕਿਸੇ ਨੇ ਦਸਿਆ, ਕਿ ਗਰਮ ਤੇ ਭਖਦੀ ਸੀਖ ਇਸ ਫੋੜੇ ਤੇ ਲਗਾ ਦਿਤੀ ਜਾਵੇ ਤਾਂ ਇਹ ਸੜ ਕੇ ਠੀਕ ਹੋ ਜਾਵੇਗਾ। ਇਕ ਮੁੰਡੇ ਨੂੰ ਉਨ੍ਹਾਂ ਨੇ ਭਖਦੀ ਸੀਖ ਫੋੜੇ ਤੇ ਲਾਉਣ ਲਈ ਦਿੱਤੀ, ਉਹ ਸੜਦੀ ਬਲਦੀ ਸੀਖ ਵੇਖ ਕੇ ਘਬਰਾ ਗਿਆ, ਪਰ ਵਲਭ ਨੇ ਉਸ ਤੋਂ ਸੀਖ ਖੋਹ ਕੇ ਆਪਣੇ ਫੋੜੇ ਤੇ ਰੱਖ ਦਿੱਤੀ। ਉਨ੍ਹਾਂ ਦੀ ਇਡੀ ਦਲੇਰੀ ਵੇਖ ਸਾਰੇ ਦੰਗ ਰਹਿ ਗਏ।

ਵੱਡੇ ਹੋਕੇ ਵਲਭ ਭਾਈ ਜਦ ਰਾਜ ਨੀਤੀ ਦੇ ਮੈਦਾਨ ਵਿਚ ਨਿਤਰੇ, ਤਾਂ ਉਨ੍ਹਾਂ ਬਾਰੇ ਕਾਂਗਰਸ ਦੇ ਇਕ ਬਹੁਤ ਵੱਡੇ ਨੇਤਾ ਮੌਲਾਨਾ ਸੌਕਤ ਅਲੀ ਨੇ ਕਿਹਾ ਸੀ "ਸਰਦਾਰ ਪਟੇਲ ਬਰਫ ਹੇਠਾਂ ਢਕਿਆ ਜਵਾਲ ਮੁਖੀ ਹੈ।

ਉਨ੍ਹਾਂ ਦੇ ਦਿਲ ਵਿਚ ਦੇਸ਼ ਪਿਆਰ ਤੇ ਕੁਰਬਾਨੀ ਦਾ ਜਜ਼ਬਾ ਠਾਠਾਂ ਮਾਰਦਾ ਸੀ ਅਤੇ ਇਹ ਜਜ਼ਬਾ ਇੰਨਾ ਬਲਵਾਨ ਸੀ ਕਿ ਇਹ ਦੁਸ਼ਮਣਾਂ ਨੂੰ ਇਕ ਵਾਰ ਭਸਮ ਕਰ ਦੇਣ ਦੀ ਸ਼ਕਤੀ ਰੱਖਦਾ ਸੀ। ਇਸੇ ਜਜ਼ਬੇ ਨਾਲ ਉਨ੍ਹਾਂ ਦਾ ਖੂਨ ਸਦਾ ਖੌਲਿਆ ਕਰਦਾ ਸੀ ਤੇ ਡੌਲੇ ਫਰਕਦੇ ਸਨ।

## ਕਾਲਜ ਦੀ ਪੜ੍ਹਾਈ

ਮੈਟ੍ਰਿਕ ਪਾਸ ਕਰਨ ਮਗਰੋਂ ਇਹ ਪ੍ਰਸ਼ਨ ਉਠਿਆ, ਕਿ ਅਗੋਂ ਕੀ ਕੀਤਾ ਜਾਵੇ? ਘਰ ਦੀ ਮਾਲੀ ਹਾਲਤ ਅੱਛੀ ਨਹੀਂ ਸੀ। ਇਸ ਲਈ ਘਰ ਵਾਲਿਆਂ ਦਾ ਖਿਆਲ ਸੀ ਕਿ ਉਹ ਕੋਈ ਛੋਟੀ ਮੋਟੀ ਨੌਕਰੀ ਕਰ ਲੈਣ। ਵਲਭ ਭਾਈ ਦਾ ਮਾਮਾ ਡੂੰਗਰ ਭਾਈ ਉਨ੍ਹੀਂ ਦਿਨੀਂ ਅਹਿਮਦਾਬਾਦ ਕਮੇਟੀ ਦਾ ਵੱਡਾ ਇੰਜੀਨੀਅਰ ਸੀ। ਉਨ੍ਹਾਂ ਦਾ ਖਿਆਲ ਸੀ ਕਿ ਵਲਭ ਭਾਈ ਨੂੰ ਕਮੇਟੀ ਵਿਚ ਮੁਕੱਦਮ ਦੀ ਨੌਕਰੀ ਦਿਵਾ ਦਿੱਤੀ ਜਾਵੇ, ਪਰ ਵਲਭ ਭਾਈ ਵਰਗੇ ਨੌਜਵਾਨ ਨੂੰ ਅਜਿਹੀ ਨੌਕਰੀ ਨਾਲ ਕਿਥੇ ਸੰਤੋਖ ਹੋ ਸਕਦਾ ਸੀ। ਸੋ ਉਸ ਨੌਕਰੀ ਤੋਂ ਉਨ੍ਹਾਂ ਨੇ ਸਾਫ ਇਨਕਾਰ ਕਰ ਦਿੱਤਾ।

ਇਕ ਦਿਨ ਵਲਭ ਭਾਈ ਨੂੰ ਵਿਚਾਰ ਆਇਆ ਕਿ ਜੋ ਲੋਕ ਹਜ਼ਾਰਾਂ ਮੀਲ ਦੂਰ ਰਹਿੰਦਿਆਂ ਹੋਇਆਂ ਸਾਡੇ ਤੇ ਹਕੂਮਤ ਕਰਦੇ ਹਨ, ਉਨ੍ਹਾਂ ਦਾ ਦੇਸ਼ ਵੇਖਣਾ ਚਾਹੀਦਾ ਹੈ, ਪਰ ਵਲਾਇਤ ਪਹੁੰਚਿਆ ਕਿਵੇਂ ਜਾਵੇ ? ਇੰਗਲੈਂਡ ਜਾਣ ਲਈ ਕਾਫੀ ਧਨ ਚਾਹੀਦਾ ਸੀ। ਉਧਰ ਵਲਭ ਭਾਈ ਦੇ ਘਰ ਦੀ ਮਾਲੀ ਹਾਲਤ ਬਹੁਤ ਕਮਜ਼ੋਰ ਸੀ। ਉਸ ਦੇ ਪਿਤਾ ਆਪਣਾ ਬਹੁਤਾ ਸਮਾਂ ਮੰਦਰ ਵਿਚ ਹੀ ਬਿਤਾਉਂਦੇ ਸਨ। ਕੋਈ ਰਿਸ਼ਤੇਦਾਰ ਵੀ ਅਜਿਹਾ ਨਹੀਂ ਸੀ ਜੋ ਇੰਨੀ ਭਾਰੀ ਰਕਮ ਦਾ ਪ੍ਰਬੰਧ ਕਰ ਸਕੈ। ਕਿਸੇ ਮਿੱਤਰ ਨੇ ਸਲਾਹ ਦਿੱਤੀ, ਕਿ ਕਿਸੇ ਰਿਆਸਤ ਦੇ ਰਾਜੇ ਪਾਸੋਂ ਲੋੜੀਂਦੀ ਰਕਮ ਕਰਜ਼ ਲੈ ਲਈ ਜਾਵੇ। ਪਰ ਵਲਭ ਭਾਈ ਨੇ ਕਰਜ਼ਾ ਲੈਕੇ ਵਲਾਇਤ ਜਾਣਾ ਉਚਿਤ ਨਾ ਸਮਝਿਆ। ਅਖੀਰ ਫੈਸਲਾ ਕੀਤਾ ਕਿ ਜੇ ਵਲਾਇਤ ਜਾਣਾ ਹੀ ਹੈ, ਤਾਂ ਆਪਣਾ ਰੁਪਿਆ ਕਮਾ ਕੇ ਜਾਣਾ ਚਾਹੀਦਾ ਹੈ। ਵਕਾਲਤ ਦੀ ਪੜ੍ਹਾਈ ਅਰੰਭ ਦਿਤੀ ਤੇ ਵਕਾਲਤ ਰਾਹੀਂ ਰੁਪਿਆ ਕਮਾਕੇ ਹੀ ਵਲਾਇਤ ਜਾਣ ਦਾ ਵਿਚਾਰ ਬਣਾਇਆ।

## ਵਿਆਹ

ਉਸ ਸਮੇਂ ਛੋਟੀ ਉਮਰ ਵਿਚ ਹੀ ਵਿਆਹ ਕਰ ਦੇਣ ਦਾ ਆਮ ਰਿਵਾਜ ਸੀ। ਵਲਭ ਭਾਈ ਦੀ ਆਯੂ 18 ਸਾਲ ਦੀ ਸੀ। ਮਾਪਿਆਂ ਤੇ ਰਿਸ਼ਤੇਦਾਰਾਂ ਦਾ ਖਿਆਲ ਸੀ ਕਿ ਵਿਆਹ ਦੀ ਉਮਰ ਬੜੀ ਤੇਜ਼ੀ ਨਾਲ ਬੀਤਦੀ ਜਾ ਰਹੀ ਹੈ। ਇਸ ਕਰਕੇ ਉਨ੍ਹਾਂ ਵਲਭ ਭਾਈ ਦਾ ਵਿਆਹ ਕਰ ਦੇਣ ਦਾ ਫੈਸਲਾ ਕਰ ਲਿਆ। ਨੇੜੇ ਦੇ ਇਕ ਪਿੰਡ ਗਾਨਾ ਵਿਚ ਬੀਬੀ ਝਬੇਰ

ਬਾ ਨਾਲ ਉਨ੍ਹਾਂ ਦੀ ਸ਼ਾਦੀ ਕਰ ਦਿਤੀ ਗਈ। ਉਦੋਂ ਝਬੇਰ ਬਾ ਦੀ ਉਮਰ ਕੇਵਲ 12-13 ਸਾਲਾਂ ਦੀ ਸੀ। ਉਸ ਸਮੇਂ ਵਿਆਹ ਤੋਂ ਪੰਜ ਸਤ ਸਾਲ ਬਾਦ ਹੀ ਗੌਨਾ ਦੀ ਰਸਮ ਅਦਾ ਕੀਤੀ ਜਾਂਦੀ ਸੀ ਅਤੇ ਇਸ ਦੇ ਮਗਰੋਂ ਹੀ ਵਿਆਹੁਤਾ ਜੀਵਨ ਆਰੰਭ ਹੁੰਦਾ ਸੀ। ਇਸ ਕਰਕੇ ਵਲਭ ਭਾਈ ਦੇ ਗ੍ਰਹਿਸਤੀ ਜੀਵਨ ਦਾ ਆਰੰਭ 25 ਸਾਲ ਦੀ ਉਮਰ ਵਿਚ ਹੋਇਆ। ਉਦੋਂ ਤਕ ਉਹ ਵਕਾਲਤ ਦੀ ਪੜ੍ਹਾਈ ਖਤਮ ਕਰਨ ਮਗਰੋਂ ਵਕੀਲ ਬਣ ਚੁਕੇ ਸਨ।

### ਵਕਾਲਤ

ਵਲਭ ਭਾਈ ਨੇ ਸੰਨ 1900 ਵਿਚ ਆਪਣੀ ਪੜ੍ਹਾਈ ਖਤਮ ਕਰਨ ਪਿਛੋਂ ਗੋਧਰਾ ਵਿਚ ਪ੍ਰੈਕਟਸ ਕਰਨੀ ਸ਼ੁਰੂ ਕਰ ਦਿੱਤੀ। ਨੜਿਆਦ ਦੇ ਕਈ ਵਕੀਲਾਂ ਨੇ ਵਲਭ ਭਾਈ ਨੂੰ ਆਪਣੇ ਪਾਸ ਆ ਜਾਣ ਲਈ ਸੱਦਾ ਦਿੱਤਾ, ਪਰ ਉਨ੍ਹਾਂ ਨੇ ਇਸ ਛੋਟੇ ਕਸਬੇ ਵਿਚ ਹੀ ਰਹਿ ਕੇ ਕੰਮ ਕਰਨ ਦਾ ਫੈਸਲਾ ਕੀਤਾ। ਇਸ ਦਾਇਕ ਕਾਰਣ ਇਹ ਵੀ ਸੀ ਕਿ ਉਨ੍ਹਾਂ ਦੇ ਵੱਡੇ ਭਰਾ ਵਿਠਲ ਭਾਈ ਵਕਾਲਤ ਪਾਸ ਕਰਨ ਮਗਰੋਂ 1895 ਵਿਚ ਗੋਧਰਾ ਵਿਚ ਹੀ ਪ੍ਰੈਕਟਿਸ ਕਰ ਰਹੇ ਸਨ ਅਤੇ ਦੂਜੇ ਉਸ ਸਮੇਂ ਉਨ੍ਹਾਂ ਪਾਸ ਦਫਤਰ ਦਾ ਫਰਨੀਚਰ ਜਾਂ ਰਸੋਈ ਦੇ ਭਾਂਡੇ ਖਰੀਦਣ ਲਈ ਵੀ ਧਨ ਨਹੀਂ ਸੀ। ਉਦੋਂ ਉਨ੍ਹਾਂ ਦੇ ਪਰਿਵਾਰ ਦੀ ਆਰਥਿਕ ਹਾਲਤ ਕਾਫੀ ਪਤਲੀ ਸੀ। ਦਫਤਰ ਦਾ ਫਰਨੀਚਰ ਖਰੀਦਣ ਲਈ ਨੜਿਆਦ ਦੇ ਗੁਦੜੀ ਬਜ਼ਾਰ ਗਏ। ਉਥੋਂ ਸਭ ਤੋਂ ਸਸਤਾ ਫਰਨੀਚਰ ਕਰਜ਼ ਲੈਕੇ ਖਰੀਦਿਆ। ਰਸੋਈ ਲਈ ਕੁਝ ਭਾਂਡੇ ਵੀ ਖਰੀਦੇ ਤੇ ਇਸ ਤਰ੍ਹਾਂ ਉਨ੍ਹਾਂ ਜੀਵਨ ਦਾ ਆਰੰਭ ਕੀਤਾ।

ਇਨ੍ਹਾਂ ਦੀ ਇਕ ਘਟਨਾ ਦਾ ਜ਼ਿਕਰ ਕਰਨਾ ਪਾਠਕਾਂ ਲਈ ਦਿਲਚਸਪੀ ਦਾ ਕਾਰਣ ਹੋਵੇਗਾ। ਉਨ੍ਹੀਂ ਦਿਨੀ ਸਾਰੇ ਗੋਧਰਾ ਵਿਚ ਬੜੀ ਖਤਰਨਾਕ ਪਲੇਗ ਫੈਲ ਗਈ। ਗੋਧਰੇ ਦੀ ਅਦਾਲਤ ਦੇ ਨਾਜ਼ਰ, ਜੋ ਉਨ੍ਹਾਂ ਦੇ ਵੱਡੇ ਵੀਰ ਦਾ ਮਿੱਤਰ ਸੀ, ਦਾ ਪੁੱਤਰ ਬੀਮਾਰ ਹੋ ਗਿਆ। ਵਲਭ ਭਾਈ ਉਸ ਦੀ ਸੇਵਾ ਵਿਚ ਲੱਗ ਗਏ। ਉਨ੍ਹਾਂ ਨੇ ਉਸ ਦੀ ਬੜੀ ਸੇਵਾ ਕੀਤੀ, ਪਰ ਉਸ ਦਾ ਅੰਤ ਕਾਲ ਨੇੜੇ ਆ ਗਿਆ ਸੀ। ਜਦੋਂ ਉਸ ਦੇ ਸਸਕਾਰ ਮਗਰੋਂ ਵਲਭ ਭਾਈ ਘਰ ਵਾਪਸ ਪਰਤੇ, ਤਾਂ ਉਨ੍ਹਾਂ ਨੂੰ ਬੁਖਾਰ ਹੋ ਗਿਆ। ਇਹ ਪਲੇਗ ਦਾ ਬੜਾ ਭਿਆਨਕ ਹਲਾ ਸੀ। ਉਨ੍ਹਾਂ ਦੇ ਸਰੀਰ ਤੇ ਪਲੇਗ ਦੀ ਗਿਲਟੀ ਨਿਕਲ ਆਈ ਪਰ ਉਹ ਬਿਲਕੁਲ ਨਾ

ਘਬਰਾਏ। ਆਪਣੀ ਪਤਨੀ ਨੂੰ ਨਾਲ ਲੈ ਉਹ ਗੱਡੀ ਵਿਚ ਬੈਠ ਗਏ। ਅਨੰਦ ਵਿਖੇ ਪਹੁੰਚ ਕੇ ਉਹ ਪਤਨੀ ਨੂੰ ਕਹਿਣ ਲੱਗੇ, "ਤੂੰ ਕਰਮਸਦ ਚਲੀ ਜਾ ਮੈਂ ਨੜਿਆਦ ਜਾਵਾਂਗਾ। ਉਥੇ ਮੈਂ ਠੀਕ ਹੋ ਜਾਵਾਂਗਾ।" ਪਤਨੀ, ਪਤੀ ਨੂੰ ਇਸ ਹਾਲਤ ਵਿਚ ਛੱਡ ਕੇ ਕਿਵੇਂ ਜਾਂਦੀ ? ਉਸ ਨੇ ਨਾਲ ਜਾਣ ਤੇ ਜ਼ੋਰ ਦਿੱਤਾ, ਪਰ ਵਲਭ ਭਾਈ ਦਾ ਦੋ ਟੁਕ ਫੈਸਲਾ ਸੀ, ਕਿ ਮੈਂ ਇਕੱਲਾ ਨੜਿਆਦ ਜਾਵਾਂਗਾ। ਉਹ ਨਹੀਂ ਸੀ ਚਾਹੁੰਦਾ ਕਿ ਉਨ੍ਹਾਂ ਦੀ ਪਤਨੀ ਨੂੰ ਵੀ ਪਲੇਗ ਹੋ ਜਾਵੇ। ਇਸ ਕਰਕੇ ਉਹ ਇਕੱਲੇ ਨੜਿਆਦ ਜਾ ਪੁੱਜੇ। ਉਥੇ ਕੁਝ ਚਿਰ ਦੇ ਇਲਾਜ ਮਗਰੋਂ ਉਹ ਰਾਜ਼ੀ ਹੋ ਗਏ।

ਗੋਧਰਾ ਵਿਚ ਵਲਭ ਭਾਈ ਚੰਗੇ ਪ੍ਰਸਿਧ ਵਕੀਲ ਬਣ ਗਏ। ਉਹ ਪੁਲਿਸ ਤੇ ਮੈਜਿਸਟਰੇਟਾਂ ਦੀ ਘਟ ਵਧ ਹੀ ਪਰਵਾਹ ਕਰਦੇ ਸਨ। ਉਹ ਬੜੀ ਲਗਨ ਅਤੇ ਮਿਹਨਤ ਨਾਲ ਆਪਣਾ ਮੁਕੱਦਮਾ ਤਿਆਰ ਕਰਦੇ ਤੇ ਬੜੀ ਯੋਗਤਾ ਨਾਲ ਅਦਾਲਤ ਵਿਚ ਪੇਸ਼ ਹੁੰਦੇ। ਜਿਥੇ ਬਾਕੀ ਦੇ ਵਕੀਲ ਪੁਲਿਸ ਤੇ ਵੱਡੇ ਅਫਸਰਾਂ ਦੀ ਚਾਪਲੂਸੀ ਕਰਦੇ, ਉਥੇ ਵਲਭ ਭਾਈ ਉਨ੍ਹਾਂ ਦੀ ਪਰਵਾਹ ਨਹੀਂ ਸਨ ਕਰਦੇ। ਇਕ ਵਾਰ ਇਕ ਮੁਕੱਦਮੇ ਸਮੇਂ ਉਨ੍ਹਾਂ ਨੇ ਹਸਬੈਂਡ ਨਾਂ ਦੇ ਅੰਗਰੇਜ਼ ਨੂੰ ਖ਼ੂਬ ਤਾੜਿਆ।

ਦੋ ਕੁ ਸਾਲ ਗੋਧਰੇ ਵਿਚ ਵਕਾਲਤ ਕਰਨ ਮਗਰੋਂ ਉਹ ਬੋਰਸਦ ਆ ਗਏ। ਬੋਰਸਦ ਵਿਖੇ ਉਨ੍ਹਾਂ ਦੇ ਵੱਡੇ ਭਰਾ, ਵਿਠਲ ਭਾਈ ਪ੍ਰੈਕਟਸ ਕਰਦੇ ਸਨ। ਇਨ੍ਹੀ ਦਿਨੀਂ ਬੋਰਸਦ ਵਿਚ ਵਿਠਲ ਭਾਈ ਨਾਲ ਫਸਟ ਕਲਾਸ ਮੈਜਿਸਟਰੇਟ, ਜੱਜ, ਤਹਿਸੀਲਦਾਰ ਤੇ ਹੋਰ ਕਈ ਅਫਸਰ ਬੜੀ ਈਰਖਾ ਕਰਦੇ ਸਨ। ਇਨ੍ਹਾਂ ਨੂੰ ਉਹ ਕਿਸੇ ਨਾ ਕਿਸੇ ਮੁਕੱਦਮੇ ਵਿਚ ਫਸਾਣ ਦਾ ਯਤਨ ਕਰਦੇ ਰਹਿੰਦੇ ਸਨ। ਇਸ ਦਾ ਕਾਰਣ ਇਹ ਸੀ ਕਿ ਕੁਝ ਚਿਰ ਪਹਿਲਾਂ ਰਿਸ਼ਵਤ ਖੋਰ ਸਬ-ਜੱਜ ਉਤੇ ਵਿਠਲ ਭਾਈ ਨੇ ਰਿਸ਼ਵਤ-ਖੋਰੀ ਦਾ ਇਲਜ਼ਾਮ ਲਗਾਇਆ ਸੀ। ਇਸ ਤੇ ਸਰਕਾਰ ਨੇ ਉਸ ਜੱਜ ਦੀ ਪੜਤਾਲ ਲਈ ਕਮਿਸ਼ਨ ਮੁਕੱਰਰ ਕੀਤਾ। ਇਸ ਤਰ੍ਹਾਂ ਦੀ ਘਟਨਾ ਅੱਗੇ ਕਦੇ ਨਹੀਂ ਸੀ ਵਾਪਰੀ। ਇਸ ਲਈ ਕਚਹਿਰੀ ਦਾ ਸਾਰਾ ਰਿਸ਼ਵਤ-ਖੋਰ ਅਮਲਾ ਵਿਠਲ ਭਾਈ ਦੇ ਖ਼ਿਲਾਫ ਹੋ ਗਿਆ। ਇਨ੍ਹਾਂ ਹਾਲਾਤ ਕਾਰਣ ਹੀ ਵਲਭ ਭਾਈ ਨੇ ਗੋਧਰਾ ਛੱਡ ਕੇ ਵੱਡੇ ਵੀਰ ਪਾਸ ਬੋਰਸਦ ਜਾਣ ਦਾ ਫੈਸਲਾ ਕੀਤਾ, ਤਾਂ ਜੋ ਵੱਡੇ ਭਾਈ ਨਾਲ ਕੋਈ ਵਧੀਕੀ ਨਾ ਕਰ ਸਕੇ।

ਜਦ ਵਲਭ ਭਾਈ ਬੋਰਸਦ ਆ ਗਏ, ਤਾਂ ਉਹ ਆਪਣੇ ਵੱਡੇ ਵੀਰ ਤੋਂ ਦੂਰ ਇਕ ਵੱਖਰੇ ਮਕਾਨ ਵਿਚ ਰਹਿਣ ਲੱਗੇ। ਦੋਹਾਂ ਦੀ ਇਕ ਦੂਜੇ ਨਾਲ ਘਟ ਵਧ ਹੀ ਮੁਲਾਕਾਤ ਹੁੰਦੀ ਸੀ। ਇਸ ਕਰਕੇ ਲੋਕ ਇਹ ਸਮਝਣ ਲੱਗ ਪਏ ਕਿ ਦੋਹਾਂ ਭਰਾਵਾਂ ਦੀ ਆਪੋ ਵਿਚ ਬਣਦੀ ਨਹੀਂ। ਕਿਸੇ ਮੁਕੱਦਮੇ ਵਿਚ ਜਦੋਂ ਦੋਵੇਂ ਭਰਾ ਵਿਰੋਧੀ ਧਿਰਾਂ ਵਲੋਂ ਖੜੇ ਹੋ ਕੇ ਬੜੇ ਖੜਕੇ ਦੜਕੇ ਨਾਲ ਬਹਿਸ ਕਰਦੇ ਤਾਂ ਲੋਕੀ ਸਮਝਦੇ, ਸਚਮੁਚ ਇਨ੍ਹਾਂ ਦੀ ਆਪੋ ਵਿਚ ਬਣਦੀ ਨਹੀਂ। ਪਰ ਅਸਲੀਅਤ ਹੋਰ ਸੀ ਜੋ ਇਸ ਘਟਨਾ ਤੋਂ ਸਪੱਸ਼ਟ ਹੋ ਜਾਂਦੀ ਹੈ। ਇਕ ਵਾਰ ਵਲਭ ਭਾਈ ਦੇ ਮੁਕੱਦਮੇ ਵਿਚ ਇਕ ਤਹਿਸੀਲਦਾਰ ਕਾਬੂ ਆ ਗਿਆ। ਇਹ ਉਹੀ ਤਹਿਸੀਲਦਾਰ ਸੀ ਜੋ ਵਿਠਲ ਭਾਈ ਨੂੰ ਫਸਾਉਣ ਦੇ ਯਤਨ ਕਰਦਾ ਰਹਿੰਦਾ ਸੀ। ਉਥੋਂ ਦਾ ਰੈਜ਼ੀਡੈਂਟ ਮੈਜਿਸਟਰੇਟ, ਇਸ ਤਹਿਸੀਲਦਾਰ ਨੂੰ ਬਚਾਉਣਾ ਚਾਹੁੰਦਾ ਸੀ। ਉਸ ਨੇ ਵਲਭ ਭਾਈ ਪਾਸ ਤਹਿਸੀਲਦਾਰ ਨੂੰ ਛੱਡ ਦੇਣ ਦੀ ਸਿਫਾਰਸ਼ ਕੀਤੀ, ਪਰ ਉਨ੍ਹਾਂ ਇਕ ਨਾ ਮੰਨੀ। ਅਖੀਰ ਰੈਜ਼ੀਡੈਂਟ ਮੈਜਿਸਟਰੇਟ, ਜੱਜ ਤੇ ਤਹਿਸੀਲਦਾਰ ਆਦਿ ਸਭ ਮਿਲ ਕੇ ਆਪਣੇ ਦੁਸ਼ਮਣ ਵਿਠਲ ਭਾਈ ਪਾਸ ਗਏ ਕਿ ਕਿਸੇ ਤਰ੍ਹਾਂ ਉਹ ਆਪਣੇ ਭਰਾ ਨੂੰ ਮਨਾ ਕੇ ਤਹਿਸੀਲਦਾਰ ਦੀ ਜਾਨ ਛੁਡਾਵੇ।

ਵਿਠਲ ਭਾਈ ਦੀ ਸਿਫਾਰਸ਼ ਤੇ ਵਲਭ ਭਾਈ ਨੇ ਇਸ ਸ਼ਰਤ ਤੇ ਸਮਝੌਤਾ ਕਰਨਾ ਪਰਵਾਨ ਕੀਤਾ ਕਿ ਸਾਰੇ ਅਧਿਕਾਰੀ ਵਿਠਲ ਭਾਈ ਤੋਂ ਮਾਫੀ ਮੰਗਣ ਤੇ ਅੱਗੇ ਤੋਂ ਇਕਰਾਰ ਕਰਨ ਕਿ ਉਹ ਵਿਠਲ ਭਾਈ ਵਿਰੁੱਧ ਕੋਈ ਸਾਜ਼ਸ ਨਹੀਂ ਰਚਣਗੇ। ਇਸ ਤਰ੍ਹਾਂ ਇਹ ਮਾਮਲਾ ਨਿਬੜ ਗਿਆ।

### ਵਕਾਲਤ ਦਾ ਸਮਾਂ

ਬੋਰਸਦ ਵਿਚ ਵਲਭ ਭਾਈ ਦੀ ਵਕਾਲਤ ਚੰਗੀ ਤਰ੍ਹਾਂ ਜਮ ਗਈ ਸੀ। ਉਸ ਸਮੇਂ ਬੰਬਈ ਦੇ ਇਲਾਕੇ ਵਿਚ ਜ਼ਿਲਾ ਖੇੜਾ ਫੌਜਦਾਰੀ ਅਪਰਾਧਾਂ ਲਈ ਬੜਾ ਬਦਨਾਮ ਸੀ। ਇਸ ਜ਼ਿਲੇ ਵਿਚ ਬੋਰਸਦ ਦਾ ਹਲਕਾ ਤਾਂ ਬਹੁਤ ਹੀ ਬਦਨਾਮ ਸੀ। ਸਰਕਾਰ ਨੇ ਇਸ ਹਲਕੇ ਵਿਚ ਇਕ ਖਾਸ ਰੈਜ਼ੀਡੈਂਟ ਮੈਜਿਸਟਰੇਟ ਮੁਕੱਰਰ ਕੀਤਾ। ਇਸ ਅਦਾਲਤ ਵਿਚ ਸਰਕਾਰ ਵਲੋਂ ਇਕ ਪ੍ਰਸਿਧ ਵਕੀਲ ਨਿਯੁਕਤ ਕੀਤਾ ਗਿਆ। ਸਫਾਈ ਪੇਸ਼ ਕਰਨ ਵਾਲੀ ਧਿਰ ਵਲੋਂ ਆਮ ਤੌਰ ਤੇ ਵਲਭ ਭਾਈ ਨੂੰ ਹੀ ਵਕੀਲ ਕੀਤਾ ਜਾਂਦਾ ਸੀ। ਵਲਭ ਭਾਈ ਮੁਕਦਮਿਆਂ ਦੀ ਪੂਰੀ

ਛਾਣਬੀਣ ਕਰਕੇ ਦੋਸ਼ੀਆਂ ਨੂੰ ਬਚਾਉਣ ਲਈ ਅਜਿਹੀਆਂ ਦਲੀਲਾਂ ਪੇਸ਼ ਕਰਦੇ ਸਨ ਕਿ ਸਰਕਾਰੀ ਵਕੀਲ ਨੂੰ ਦਿਨੇ ਤਾਰੇ ਨਜ਼ਰ ਆਉਣ ਲੱਗ ਪੈਂਦੇ ਸਨ। ਵਿਰੋਧੀ ਫ਼ਰੀਕ ਦੇ ਜਿੰਨੇ ਮੁਕੱਦਮੇ ਵੀ ਵਲਭ ਭਾਈ ਦੇ ਸਪੁਰਦ ਹੁੰਦੇ, ਲਗਭਗ ਸਭ ਵਿਚੋਂ ਦੋਸ਼ੀ ਬਰੀ ਹੋ ਜਾਂਦੇ। ਜਦੋਂ ਬੰਬਈ ਸਰਕਾਰ ਨੇ ਅਧਿਕਾਰੀਆਂ ਤੋਂ ਇਸ ਦੀ ਜਵਾਬ-ਤਲਬੀ ਕੀਤੀ ਤਾਂ ਉਨ੍ਹਾਂ ਸਾਫ ਸਾਫ ਪਰਵਾਨ ਕੀਤਾ, ਕਿ ਜਦੋਂ ਤਕ ਵਿਰੋਧੀ ਧਿਰ ਦਾ ਵਕੀਲ ਵਲਭ ਭਾਈ ਰਹੇਗਾ, ਉਦੋਂ ਤਕ ਦੋਸ਼ੀ ਬਰੀ ਹੁੰਦੇ ਹੀ ਰਹਿਣਗੇ। ਅਖੀਰ ਵਲਭ ਭਾਈ ਤੋਂ ਤੰਗ ਆਕੇ ਸਰਕਾਰ ਨੇ ਫੈਸਲਾ ਕੀਤਾ ਕਿ ਅਦਾਲਤ ਇਥੋਂ ਹਟਾ ਕੇ ਅਨੰਦ ਲਿਆਂਦੀ ਜਾਵੇ। ਉਹ ਥਾਂ ਕਾਫੀ ਦੂਰ ਹੋਣ ਕਰਕੇ ਸਾਰੇ ਗਵਾਹ ਵੀ ਉਥੇ ਨਹੀਂ ਜਾ ਸਕਣਗੇ ਤੇ ਨਾ ਹੀ ਵਲਭ ਭਾਈ ਵਰਗਾ ਮਿਹਨਤੀ ਤੇ ਕਾਬਲ ਵਕੀਲ ਹੀ ਉਥੇ ਪਹੁੰਚ ਸਕੇਗਾ।

ਸਰਕਾਰ ਦੇ ਇਸ ਫੈਸਲੇ ਤੇ ਲੋਕੀ ਬੜੇ ਦੁਖੀ ਹੋਏ। ਉਨ੍ਹਾਂ ਵਲਭ ਭਾਈ ਨੂੰ ਆਪਣੀ ਮੁਸ਼ਕਲ ਦਸੀ। ਉਨ੍ਹਾਂ ਦੀ ਗੱਲ ਸੁਣਦਿਆਂ ਸਾਰ ਵਲਭ ਭਾਈ ਨੇ ਉਨ੍ਹਾਂ ਨੂੰ ਆਪਣਾ ਫੈਸਲਾ ਸੁਣਾ ਦਿੱਤਾ ਕਿ ਜਿਥੇ ਵੀ ਇਹ ਅਦਾਲਤ ਜਾਵੇਗੀ, ਵਲਭ ਭਾਈ ਉਥੇ ਹੀ ਜਾ ਪਹੁੰਚੇਗਾ। ਇਹ ਆਖ ਉਨ੍ਹਾਂ ਆਪਣਾ ਬਿਸਤਰਾ ਬੋਰੀਆ ਬੰਨ੍ਹਿਆ ਤੇ ਅਦਾਲਤ ਦੇ ਨਾਲ ਹੀ ਅਨੰਦ ਵਿਖੇ ਆਪਣਾ ਡੇਰਾ ਆਣ ਜਮਾਇਆ।

ਅਨੰਦ ਵਿਖੇ ਅਦਾਲਤ ਲਗਦੀ, ਸਰਕਾਰੀ ਵਕੀਲ ਬੜੀ ਯੋਗਤਾ ਨਾਲ ਮੁਲਜ਼ਮਾਂ ਨੂੰ ਦੋਸ਼ੀ ਸਿਧ ਕਰਦਾ, ਪਰ ਜਵਾਬੀ ਬਹਿਸ ਵਿਚ ਵਲਭ ਭਾਈ ਅਜਿਹੀਆਂ ਲਾਜਵਾਬ ਦਲੀਲਾਂ ਦਿੰਦੇ ਕਿ ਸਰਕਾਰੀ ਵਕੀਲ ਨੂੰ ਜਵਾਬ ਹੀ ਨਾ ਔੜਦਾ। ਮੁਕਦਮਿਆਂ ਦੀ ਹਾਲਤ ਉਹੀ ਰਹੀ, ਜੋ ਬੋਰਸਦ ਵਿਖੇ ਸੀ। ਬਹੁਤੀ ਗਿਣਤੀ ਵਿਚ ਦੋਸ਼ੀ ਬਰੀ ਕੀਤੇ ਜਾਣ ਲੱਗ ਪਏ। ਅੰਤ ਸਰਕਾਰ ਨੂੰ ਮੁੜ ਅਦਾਲਤ ਬੋਰਸਦ ਵਿਚ ਲਿਆਉਣ ਦਾ ਫੈਸਲਾ ਕਰਨਾ ਪਿਆ।

ਵਲਭ ਭਾਈ ਦੇ ਸਾਥੀ ਵਕੀਲ, ਪੁਲਿਸ ਅਤੇ ਉਚ ਅਧਿਕਾਰੀਆਂ ਨਾਲ ਬਣਾ ਕੇ ਰਖਦੇ। ਉਹ ਉਨ੍ਹਾਂ ਦੀਆਂ ਖੁਸ਼ਾਮਦਾਂ ਕਰਦੇ, ਤਾਂ ਕਿਧਰੇ ਉਨ੍ਹਾਂ ਨੂੰ ਕਿਸੇ ਮਾੜੇ ਮੋਟੇ ਮੁਕੱਦਮੇ ਵਿਚ ਸਫਲਤਾ ਪ੍ਰਾਪਤ ਹੁੰਦੀ। ਇਸ ਦੇ ਉਲਟ ਵਲਭ ਭਾਈ ਮੈਜਿਸਟਰੇਟ ਤੇ ਪੁਲਿਸ ਦੀ ਜ਼ਰਾ ਵੀ ਪਰਵਾਹ ਨਹੀਂ ਸਨ ਕਰਦੇ। ਉਹ ਆਪਣੇ ਮੁਕੱਦਮੇ ਲਈ ਬੜੀ ਮਿਹਨਤ ਕਰਦੇ। ਮੁਕੱਦਮੇ ਦੀ ਛੋਟੀ ਤੋਂ ਛੋਟੀ ਗੱਲ ਤੇ ਵੀ ਬੜੀ ਬਰੀਕੀ ਨਾਲ ਵਿਚਾਰ ਕਰਦੇ। ਮੁਦੱਈ ਪੱਖ ਦੇ ਕਮਜ਼ੋਰ

ਪਹਿਲੂਆਂ ਨੂੰ ਸਾਹਮਣੇ ਲਿਆਉਂਦੇ। ਉਹ ਬਹਿਸ ਬੜੇ ਸੰਖੇਪ ਅਤੇ ਸਪਸ਼ਟ ਸ਼ਬਦਾਂ ਵਿਚ ਕਰਦੇ। ਉਹ ਸਿਧੇ ਸਾਦੇ ਸਬੂਤ ਦਿੰਦੇ। ਜਨਤਾ ਨੂੰ ਦੁਖੀ ਕਰਨ ਵਾਲੇ ਪੁਲਿਸ ਅਧਿਕਾਰੀਆਂ ਅਤੇ ਮੈਜਿਸਟਰੇਟਾਂ ਨੂੰ ਬੜੇ ਆੜੇ ਹੱਥੀਂ ਲੈਂਦੇ। ਜਿਹੜਾ ਮੁਕੱਦਮਾ ਉਹ ਆਪਣੇ ਹੱਥ ਲੈਂਦੇ, ਉਸ ਬਾਰੇ ਮੈਜਿਸਟਰੇਟ ਅਤੇ ਸਰਕਾਰੀ ਵਕੀਲ ਬੜੇ ਸਾਵਧਾਨ ਰਹਿੰਦੇ। ਬਹਿਸ ਕਰਨ ਸਮੇਂ ਵਲਭ ਭਾਈ ਜਿੰਨੇ ਨਿਡਰ ਅਤੇ ਦ੍ਰਿੜ੍ਹ ਰਹਿੰਦੇ ਸਨ, ਉਹ ਹੇਠ ਲਿਖੀਆਂ ਕੁਝ ਮਿਸਾਲਾਂ ਤੋਂ ਸਿਧ ਹੋ ਜਾਂਦਾ ਹੈ :

ਇਕ ਅੰਗਰੇਜ਼ ਮੈਜਿਸਟਰੇਟ ਬੜਾ ਕਰੜੇ ਸੁਭਾ ਵਾਲਾ, ਹੰਕਾਰੀ ਅਤੇ ਮੂੰਹ ਫਟ ਸੀ। ਉਹ ਗੱਲ ਗੱਲ ਵਿਚ ਵਕੀਲਾਂ ਦੀ ਬੇਇਜ਼ਤੀ ਕਰ ਦਿੰਦਾ ਸੀ। ਇਕ ਕਤਲ ਦੇ ਮੁਕੱਦਮੇ ਦੀ ਪੈਰਵੀ ਵਲਭ ਭਾਈ ਕਰ ਰਹੇ ਸਨ। ਮੈਜਿਸਟਰੇਟ ਗਵਾਹਾਂ ਨੂੰ ਦਬਾਉਣ ਅਤੇ ਸ਼ਰਮਿੰਦਾ ਕਰਨ ਲਈ ਉਨ੍ਹਾਂ ਸਾਹਮਣੇ ਇਕ ਵੱਡਾ ਸ਼ੀਸ਼ਾ ਰੱਖ ਦਿੰਦਾ। ਵਲਭ ਭਾਈ ਦੇ ਇਕ ਮੁਕੱਦਮੇ ਵਿਚ ਇਕ ਪਟੇਲ ਮੁਲਜ਼ਮ ਸੀ। ਉਸ ਦੇ ਸਾਹਮਣੇ ਵੀ ਮੈਜਿਸਟਰੇਟ ਨੇ ਸ਼ੀਸ਼ਾ ਰਖਿਆ ਤੇ ਉਸ ਨੂੰ ਸ਼ੀਸ਼ੇ ਵਿਚ ਆਪਣਾ ਮੂੰਹ ਵੇਖਦਿਆਂ ਹੋਇਆ ਬਿਆਨ ਦੇਣ ਦਾ ਹੁਕਮ ਦਿੱਤਾ।

ਇਸ ਹੁਕਮ ਨੂੰ ਸੁਣਕੇ ਵਲਭ ਭਾਈ ਨੇ ਕਿਹਾ, ਕਿ ਅਦਾਲਤੀ ਕਾਰਵਾਈ ਵਿਚ ਦਰਜ ਕਰ ਲਿਆ ਜਾਵੇ, ਕਿ ਗਵਾਹ ਨੂੰ ਸ਼ੀਸ਼ਾ ਸਾਹਮਣੇ ਰੱਖ ਕੇ ਗਵਾਹੀ ਦੇਣ ਦਾ ਹੁਕਮ ਦਿੱਤਾ ਗਿਆ ਹੈ। ਮੈਜਿਸਟਰੇਟ ਨੇ ਕਿਹਾ, "ਇਹ ਇਤਰਾਜ਼ ਨੋਟ ਕਰਨ ਦੀ ਕੋਈ ਲੋੜ ਨਹੀਂ।"

ਇਸ ਤੇ ਵਲਭ ਭਾਈ ਨੇ ਕਿਹਾ, "ਜਨਾਬ ! ਇਹ ਸ਼ੀਸ਼ਾ ਸ਼ਹਾਦਤ ਦੇ ਤੌਰ ਤੇ ਮੰਨਿਆ ਜਾਵੇਗਾ ਅਤੇ ਮੁਕਦਮੇ ਦੇ ਸਾਰੇ ਕਾਗਜ਼ਾਤ ਨਾਲ ਸੈਸ਼ਨ ਕੋਰਟ ਵਿਚ ਵੀ ਲਿਜਾਇਆ ਜਾਵੇਗਾ।"

ਇਹ ਸੁਣ ਕੇ ਮੈਜਿਸਟਰੇਟ ਘਬਰਾ ਗਿਆ। ਇਸ ਤਰ੍ਹਾਂ ਨਹਿਲੇ ਤੇ ਦਹਿਲਾ ਮਾਰਨ ਵਾਲਾ ਇਹ ਪਹਿਲਾ ਵਕੀਲ ਹੀ ਉਸ ਦੇ ਸਾਹਮਣੇ ਪੇਸ਼ ਹੋਇਆ ਸੀ। ਉਸ ਨੇ ਆਪਣੀ ਘਬਰਾਹਟ ਤੇ ਕਾਬੂ ਪਾਉਂਦਿਆਂ ਹੋਇਆਂ ਵਲਭ ਭਾਈ ਨੂੰ ਕਿਹਾ, "ਐਸਾ ਕਭੀ ਨਹੀਂ ਹੋ ਸਕਤਾ।" ਇਸ ਤੇ ਵਲਭ ਭਾਈ ਗਰਮ ਹੋ ਗਏ। ਉਨ੍ਹਾਂ ਦਰਖਾਸਤ ਦੇ ਦਿੱਤੀ, ਕਿ ਮੈਨੂੰ ਇਸ ਅਦਾਲਤ ਤੇ ਵਿਸ਼ਵਾਸ ਨਹੀਂ। ਇਸ ਮੁਕੱਦਮੇ ਨੂੰ ਸੈਸ਼ਨ ਸਪੁਰਦ ਕੀਤਾ ਜਾਵੇ। ਇਸ ਦੇ ਨਾਲ

ਹੀ ਉਨ੍ਹਾਂ ਨੇ ਇਕ ਬੰਦ ਲਿਫ਼ਾਫ਼ਾ ਜਿਸ ਤੇ ਲਿਖਿਆ ਸੀ "ਕੇਵਲ ਸੈਸ਼ਨ ਕੋਰਟ ਹੀ ਇਸ ਨੂੰ ਖੋਲੇ, " ਮੈਜਿਸਟਰੇਟ ਦੇ ਹਵਾਲੇ ਕੀਤਾ। ਇਸ ਲਿਫ਼ਾਫ਼ੇ ਵਿਚ ਗਵਾਹਾਂ ਦੀ ਸੂਚੀ ਸੀ। ਜੱਜ ਨੇ ਉਹ ਲਿਫ਼ਾਫ਼ਾ ਖੋਲ ਲਿਆ ਜਿਸ ਵਿਚ ਸਭ ਤੋਂ ਪਹਿਲਾ ਗਵਾਹ ਉਹ ਆਪ ਸੀ। ਇਹ ਪੜ੍ਹ ਕੇ ਉਹ ਹੈਰਾਨ ਰਹਿ ਗਿਆ। ਦੂਜਾ ਗਵਾਹ ਉਹ ਇਸਤਰੀ ਸੀ, ਜਿਸ ਨੂੰ ਕਤਲ ਕੀਤਾ ਗਿਆ ਸੀ। ਇਸ ਦੇ ਨਾਲ ਹੀ ਕੁਝ ਹੋਰ ਗੱਲਾਂ ਵੀ ਦਰਜ ਸਨ, ਜਿਨ੍ਹਾਂ ਨੂੰ ਪੜ੍ਹਕੇ ਮੈਜਿਸਟਰੇਟ ਬੌਖਲਾ ਉਠਿਆ। ਉਸ ਨੂੰ ਪੁਲਿਸ ਦੇ ਗਵਾਹਾਂ ਤੇ ਭਰੋਸਾ ਉਠ ਗਿਆ ਤੇ ਪੁਲਿਸ ਵਿਰੁੱਧ ਆਪਣੀ ਰਾਏ ਲਿਖ ਕੇ ਉਸਨੇ ਮੁਕਦਮਾ ਸੈਸ਼ਨ ਵਿਚ ਤਬਦੀਲ ਕਰ ਦਿੱਤਾ। ਇਹੋ ਕੁਝ ਵਲਭ ਭਾਈ ਚਾਹੁੰਦੇ ਸਨ।

ਇਸੇ ਤਰ੍ਹਾਂ ਇਕ ਹੋਰ ਮੁਕੱਦਮੇ ਵਿਚ ਵਲਭ ਭਾਈ ਵਕੀਲ ਸਨ। ਇਕ ਹਿੰਦੁਸਤਾਨੀ ਰੇਲਵੇ ਇਨਸਪੈਕਟਰ ਤੇ ਅੰਗਰੇਜ਼ ਸੁਪਰਡੈਂਟ ਕਿਸੇ ਗੱਲੋਂ ਨਾਰਾਜ਼ ਹੋ ਗਿਆ। ਉਸ ਇਨਸਪੈਕਟਰ ਤੇ ਇਕ ਮੁਕੱਦਮਾ ਬਣਾਇਆ ਗਿਆ ਕਿ ਉਸਨੇ ਆਪਣੇ ਨੌਕਰ ਰਾਹੀਂ ਇਕ ਰੁਪਏ ਦੀ ਰੇਲ ਦੀ ਲੱਕੜੀ ਚੋਰੀ ਕੀਤੀ ਹੈ। ਇਹ ਇਲਜ਼ਾਮ ਲਗਾ ਕੇ ਇਨਸਪੈਕਟਰ ਦੇ ਨੌਕਰ ਨੂੰ ਹਵਾਲਾਤ ਭੇਜ ਦਿੱਤਾ ਗਿਆ। ਇਸ ਕੇਸ ਦੀ ਸੁਣਵਾਈ ਲਈ ਇਕ ਵਿਸ਼ੇਸ਼ ਮੈਜਿਸਟਰੇਟ ਦੀ ਡਿਊਟੀ ਲਗਾਈ ਗਈ। ਮਾਮਲਾ ਅਦਾਲਤ ਵਿਚ ਭੇਜਣ ਤੋਂ ਪਹਿਲਾਂ ਸੁਪਰਡੈਂਟ ਨੇ ਇਸ ਦੀ ਜਾਂਚ ਪੜਤਾਲ ਆਪ ਕੀਤੀ ਸੀ। ਇਸ ਦੇ ਨਾਲ ਹੀ ਉਹ ਇਸ ਟੋਹ ਵਿਚ ਵੀ ਸੀ ਕਿ ਜੇ ਇਹ ਸਾਬਤ ਹੋ ਜਾਏ ਕਿ ਮੁਲਜ਼ਮ ਅਗੇਂ ਸਜ਼ਾ-ਯਾਫਤਾ ਹੈ, ਤਾਂ ਮੁਕੱਦਮੇ ਵਿਚ ਤਕੜੀ ਜਾਨ ਪੈ ਸਕਦੀ ਹੈ। ਇਨਸਪੈਕਟਰ ਨੂੰ ਇਸ ਗੱਲ ਦੀ ਸੂਹ ਲੱਗੀ, ਤਾਂ ਉਹ ਦੌੜਦਾ ਹੋਇਆ ਵਲਭ ਭਾਈ ਪਾਸ ਪੁਜਾ ਤੇ ਸਾਰੀ ਵਿਥਿਆ ਆਖ ਸੁਣਾਈ। ਵਲਭ ਭਾਈ ਦੀ ਸਲਾਹ ਨਾਲ ਉਹ ਆਪ ਸੁਪਰਡੈਂਟ ਦੀ ਸੇਵਾ ਵਿਚ ਹਾਜ਼ਰ ਹੋਕੇ ਕਹਿਣ ਲਗਾ, "ਜਨਾਬ, ਤੁਸੀਂ ਮੇਰੀ ਪਿਛਲੀ ਸਜ਼ਾ ਲਈ ਐਵੇਂ ਔਖੇ ਹੁੰਦੇ ਹੋ, ਮੈਂ ਆਪ ਹੀ ਤੁਹਾਨੂੰ ਦਸ ਦਿੰਦਾ ਹਾਂ ਕਿ ਮੈਂ ਪੁਰਾਣਾ ਸਜ਼ਾ-ਯਾਫਤਾ ਹਾਂ। ਮੈਨੂੰ ਪਹਿਲਾਂ ਇਕ ਵਾਰ ਨੌਂ ਮਹੀਨੇ ਇਕਾਂਤ ਵਿਚ ਰਖੇ ਜਾਣ ਦੀ ਸਜ਼ਾ ਹੋਈ ਸੀ, ਪਰ ਇਹ ਗਲ ਬਹੁਤ ਪੁਰਾਣੀ ਹੈ। ਅਜ ਤੋਂ ਤੀਹ ਸਾਲ ਪਹਿਲਾਂ ਮੈਂ ਇਹ ਸਜ਼ਾ ਭੁਗਤੀ ਸੀ, ਇਸ ਲਈ ਇਸ ਦੀ ਕੋਈ ਖਾਸ ਅਹਿਮੀਅਤ ਨਹੀਂ।”

ਸੁਪਰਡੈਂਟ ਜਿਸ ਸਬੂਤ ਦੀ ਤਲਾਸ਼ ਵਿਚ ਸੀ, ਉਹ ਮੁਲਜ਼ਮ ਨੇ ਖੁਦ ਸਵੀਕਾਰ ਕਰ ਲਿਆ ਸੀ। ਇਸ ਕਰਕੇ ਉਹ ਬਹੁਤ ਖੁਸ਼ ਹੋਇਆ ਤੇ ਉਸ ਨੇ ਚਾਰਜ ਸ਼ੀਟ ਤਿਆਰ ਕਰਕੇ ਇਨਸਪੈਕਟਰ ਦੇ ਦਸਤਖਤ ਕਰਾ ਲਏ। ਹੇਠਲੀ ਅਦਾਲਤ ਵਿਚ ਇਨਸਪੈਕਟਰ ਨੂੰ 6 ਮਹੀਨੇ ਦੀ ਸਜ਼ਾ ਹੋ ਗਈ। ਜਦ ਕੇਸ ਉਪਰਲੀ ਅਦਾਲਤ ਵਿਚ ਪੇਸ਼ ਹੋਇਆ ਤਾਂ ਕਮਰਾ ਦਰਸ਼ਕਾਂ ਨਾਲ ਖਚਾ ਖਚ ਭਰਿਆ ਹੋਇਆ ਸੀ। ਸਰਕਾਰੀ ਵਕੀਲ ਨੇ ਬੜੇ ਜ਼ੋਰ ਦੀ ਬਹਿਸ ਕੀਤੀ। ਉਸ ਨੇ ਬੜੀ ਗਰਮਜੋਸ਼ੀ ਨਾਲ ਕਿਹਾ ਕਿ "ਮੁਲਜ਼ਮ ਅਗੇ ਹੀ ਸਜ਼ਾ-ਯਾਫਤਾ ਹੈ, ਇਸ ਲਈ ਉਸ ਨੂੰ ਕੜੀ ਤੋਂ ਕੜੀ ਸਜ਼ਾ ਹੋਣੀ ਚਾਹੀਦੀ ਹੈ। "ਇਸ ਦੇ ਨਾਲ ਹੀ ਉਸ ਨੇ ਸਬੂਤ ਵਜੋਂ ਉਹ ਚਾਰਜਸ਼ੀਟ ਵਿਖਾਇਆ, ਜਿਸ ਤੋਂ ਮੁਲਜ਼ਮ ਦੇ ਦਸਖਤ ਸਨ ਕਿ ਉਸ ਨੇ ਨੌਂ ਮਹੀਨੇ 'ਇਕਾਂਤ ਦੀ ਸਜ਼ਾ ਕੱਟੀ ਸੀ।

ਸਰਕਾਰੀ ਵਕੀਲ ਦੀ ਦਲੀਲ ਸੁਣ ਕੇ ਮੈਜਿਸਟਰੇਟ ਨੇ ਵਲਭ ਭਾਈ ਤੋਂ ਇਸ ਦਾ ਜਵਾਬ ਮੰਗਿਆ। ਵਲਭ ਭਾਈ ਨੇ ਇਸ ਸਜ਼ਾ ਦਾ ਸਬੂਤ ਮੰਗਿਆ, ਤਾਂ ਸਰਕਾਰੀ ਵਕੀਲ ਨੇ ਉਹ ਚਾਰਜ਼ਸ਼ੀਟ ਅਦਾਲਤ ਨੂੰ ਵਿਖਾਇਆ। ਉਸ ਨੂੰ ਵੇਖ ਕੇ ਵਲਭ ਭਾਈ ਬੋਲੇ' "ਜਨਾਬ ! ਚਾਰਜਸ਼ੀਟ ਤੇ ਸਾਫ ਲਿਖਿਆ ਹੋਇਆ ਹੈ ਕਿ ਮੁਲਜ਼ਮ ਨੇ ਅੱਜ ਤੋਂ ਤੀਹ ਸਾਲ ਪਹਿਲਾਂ 9 ਮਹੀਨੇ ਕੈਦ ਤਿਨਹਾਈ ਭੁਗਤੀ ਸੀ ਤੇ ਇਸ ਦੇ ਨਾਲ ਇਹ ਵੀ ਦਰਜ਼ ਹੈ ਕਿ ਮੁਲਜ਼ਮ ਦੀ ਉਮਰ ਤੀਹ ਸਾਲ ਹੈ, ਅਦਾਲਤ ਜ਼ਰਾ ਇਸ ਨੁਕਤੇ ਵਲ ਧਿਆਨ ਦੇਵੇ " ਵਲਭ ਭਾਈ ਦੀ ਇਹ ਦਲੀਲ ਸੁਣ ਕੇ ਭਰੀ ਅਦਾਲਤ ਵਿਚ ਹਾਸਾ ਮਚ ਗਿਆ। ਉਹ ਫਿਰ ਗਰਜ ਕੇ ਬੋਲੇ, "ਜਨਾਬ। ਜਾਂਚ ਕਰਨ ਵਾਲੇ ਅਫ਼ਸਰ ਨੂੰ ਨਾਂ-ਮਾਤਰ ਤਾਂ ਅਕਲ ਹੋਣੀ ਚਾਹੀਦੀ ਹੈ। ਸਰਕਾਰੀ ਵਕੀਲ ਨੂੰ ਅਹਿਮਦਾਬਾਦ ਤੋਂ ਬੁਲਾ ਕੇ ਤੇ ਇਸ ਜਾਹਲੀ ਮੁਕੱਦਮੇ ਤੇ ਵਿਸ਼ੇਸ਼ ਮੈਜਿਸਟਰੇਟ ਮੁਕੱਰਰ ਕਰਕੇ ਸਰਕਾਰ ਦੇ ਹਜ਼ਾਰਾਂ ਰੁਪਏ ਖਰਚ ਕਰਾਉਣ ਵਾਲੇ ਸੁਪਰਡੈਂਟ ਦੀ ਅਕਲ ਤੇ ਵਾਰੇ ਵਾਰੇ ਜਾਣਾ ਚਾਹੀਦਾ ਹੈ।"

ਵਲਭ ਭਾਈ ਦੀ ਜ਼ੋਰਦਾਰ ਬਹਿਸ ਕਰਨ ਤੇ ਇਨਸਪੈਕਟਰ ਸਾਫ਼ ਬਰੀ ਹੋ ਗਿਆ। ਸਰਕਾਰ ਤੇ ਖਾਸ ਕਰ ਸੁਪਰਡੈਂਟ ਦੀ ਬੜੀ ਮਿਟੀ ਪਲੀਤ ਹੋਈ, ਜਿਸ ਕਾਰਣ ਉਸ ਨੂੰ ਅਸਤੀਫਾ ਦੇਣਾ ਪਿਆ। ਵਲਭ ਭਾਈ ਨੇ ਦਸ ਕੁ ਸਾਲ ਬੜੇ ਧੜੱਲੇ ਨਾਲ ਵਕਾਲਤ ਕੀਤੀ,

ਤੇ ਚੰਗਾ ਨਾਮਣਾ ਖਟਿਆ। ਹੁਣ ਉਨ੍ਹਾਂ ਪਾਸ ਇੰਨਾ ਧਨ ਇਕੱਠਾ ਹੋ ਗਿਆ ਸੀ ਕਿ ਉਹ ਵਲਾਇਤ ਜਾਕੇ ਅਗੋਂ ਪੜ੍ਹਾਈ ਜਾਰੀ ਰੱਖ ਸਕਣ।

ਸੰਨ 1905 ਵਿਚ ਵਲਭ ਭਾਈ ਹੋਰਾਂ ਵਲਾਇਤ ਜਾਣ ਦੀ ਪੱਕੀ ਤਿਆਰੀ ਕਰ ਲਈ। ਜਹਾਜ਼ ਦੀ ਟਿਕਟ ਆਦਿ ਲਈ ਉਨ੍ਹਾਂ ਥਾਮਸ ਕੁਝ ਨਾ ਦੀ ਕੰਪਨੀ ਨਾਲ ਚਿੱਠੀ ਪੱਤਰ ਕੀਤੀ। ਕੰਪਨੀ ਦੀ ਇਕ ਚਿੱਠੀ ਅਚਾਨਕ ਇਨ੍ਹਾਂ ਦੇ ਵੱਡੇ ਭਰਾ ਵਿਠਲ ਭਾਈ ਦੇ ਹੱਥ ਲੱਗ ਗਈ। ਵੱਡੇ ਭਰਾ ਨੇ ਵਲਭ ਭਾਈ ਨੂੰ ਕਿਹਾ, "ਵੀਰ" ਵੱਡਾ ਭਰਾ ਹੋਣ ਦੇ ਨਾਤੇ ਪਹਿਲਾਂ ਬੈਰਿਸਟਰੀ ਪਾਸ ਕਰਨ ਲਈ ਮੈਨੂੰ ਵਲਾਇਤ ਜਾਣਾ ਚਾਹੀਦਾ ਹੈ। ਮੇਰੇ ਵਾਪਸ ਆਉਣ ਤੇ ਮੈਂ ਤੈਨੂੰ ਉਥੇ ਭੇਜ ਸਕਦਾ ਹਾਂ, ਪਰ ਤੇਰੇ ਜਾਣ ਮਗਰੋਂ ਮੇਰਾ ਵਲਾਇਤ ਜਾਣਾ ਸੰਭਵ ਨਹੀਂ ਹੋਵੇਗਾ।”

ਆਗਿਆਕਾਰ ਵੀਰ ਹੋਣ ਦੇ ਨਾਤੇ ਵੱਡੇ ਭਰਾ ਦਾ ਸੁਝਾਅ ਵਲਭ ਭਾਈ ਨੇ ਪਰਵਾਨ ਕਰ ਲਿਆ ਤੇ ਸਾਰੀਆਂ ਤਿਆਰੀਆਂ ਕਰਨ ਮਗਰੋਂ ਚੁਪ ਚਾਪ ਬਿਨਾਂ ਘਰ ਬਾਹਰ ਕਿਸੇ ਨੂੰ ਦੱਸੇ ਉਹ ਵਿਠਲ ਭਾਈ ਨੂੰ ਬੰਬਈ ਜਾਕੇ ਜਹਾਜ਼ ਤੇ ਚੜ੍ਹਾ ਆਏ।

ਘਰ ਪਰਤਣ ਤੇ ਜਦੋਂ ਸਭ ਨੂੰ ਹਕੀਕਤ ਦਾ ਪਤਾ ਲੱਗਾ, ਤਾਂ ਉਹ ਬੜੇ ਨਾਰਾਜ਼ ਹੋਏ। ਖਾਸ ਕਰਕੇ ਉਨ੍ਹਾਂ ਦੀ ਭਰਜਾਈ ਨੇ ਬੜਾ ਸ਼ੋਰ ਮਚਾਇਆ। ਅਜ ਤੱਕ ਬੋਰਸਦ ਵਿਚ ਦੋਵੇਂ ਭਰਾ ਵਖ ਵਖ ਰਹਿੰਦੇ ਸਨ, ਹੁਣ ਵਲਭ ਭਾਈ ਨੇ ਆਪਣੀ ਭਰਜਾਈ ਨੂੰ ਵੀ ਆਪਣੇ ਪਾਸ ਬੁਲਾ ਲਿਆ। ਵੱਡੇ ਵੀਰ ਨੂੰ ਵਲਾਇਤ ਖਰਚ ਵੀ ਭੇਜਣਾ ਹੁੰਦਾ ਸੀ। ਘਰ ਦਾ ਖਰਚ ਵੀ ਕਾਫੀ ਵਧ ਗਿਆ ਸੀ, ਜਿਸ ਕਾਰਣ ਵਲਭ ਭਾਈ ਨੂੰ ਦਿਨ ਰਾਤ ਕਾਫੀ ਮਿਹਨਤ ਕਰਨੀ ਪੈਂਦੀ।

ਵਿਠਲ ਭਾਈ ਸੰਨ 1906 ਵਿਚ ਵਲਾਇਤ ਗਏ ਸਨ। ਸੰਨ 1908 ਵਿਚ ਉਹ ਬੈਰਿਸਟਰੀ ਪਾਸ ਕਰਕੇ ਭਾਰਤ ਵਾਪਸ ਪਰਤੇ। ਬੰਬਈ ਵਿਚ ਉਨ੍ਹਾਂ ਆਪਣੀ ਪ੍ਰੈਕਟਿਸ ਸ਼ੁਰੂ ਕਰ ਦਿੱਤੀ ਤੇ ਆਪਣੇ ਪਰਿਵਾਰ ਨੂੰ ਵੀ ਆਪਣੇ ਪਾਸ ਬੁਲਾ ਲਿਆ। ਇਨ੍ਹੀਂ ਦਿਨੀਂ ਵਲਭ ਭਾਈ ਦੀ ਪਤਨੀ ਝਬੇਰ ਬਾ ਬੀਮਾਰ ਹੋ ਗਈ। ਵਿਠਲ ਭਾਈ ਨੇ ਇਲਾਜ ਲਈ ਭਰਜਾਈ ਨੂੰ ਬੰਬਈ ਬੁਲਾ ਕੇ ਹਸਪਤਾਲ ਦਾਖਲ ਕਰਾ ਦਿੱਤਾ। ਵਲਭ ਭਾਈ ਵੀ ਬੰਬਈ ਪਹੁੰਚ ਗਏ। ਡਾਕਟਰ ਨੇ ਕੁਝ ਦਿਨਾਂ ਤਕ ਓਪਰੇਸ਼ਨ ਕਰਨ ਦਾ ਫੈਸਲਾ ਕੀਤਾ। ਇਕ ਜ਼ਰੂਰੀ ਮੁਕੱਦਮੇ ਦੀ ਪੈਰਵੀ ਲਈ ਵਲਭ ਭਾਈ ਨੇ ਅਨੰਦ ਜਾਣਾ ਸੀ। ਡਾਕਟਰ ਨੇ ਓਪਰੇਸ਼ਨ ਸਮੇਂ ਉਨ੍ਹਾਂ ਨੂੰ ਤਾਰ

ਰਾਹੀਂ ਖਬਰ ਦੇਣ ਦਾ ਸੁਝਾਅਅ ਦਿੱਤਾ। ਇਸ ਕਰਕੇ ਵਲਭ ਭਾਈ ਅਨੰਦ ਚਲੇ ਗਏ। ਮਗਰੋਂ ਡਾਕਟਰ ਦਾ ਵਿਚਾਰ ਬਦਲ ਗਿਆ ਤੇ ਉਸ ਨੇ ਛੇਤੀ ਹੀ ਓਪਰੇਸ਼ਨ ਕਰਨ ਦਾ ਫੈਸਲਾ ਕੀਤਾ। ਓਪਰੇਸ਼ਨ ਸਫਲ ਹੋ ਗਿਆ, ਜਿਸਦੀ ਸੂਚਨਾ ਵਲਭ ਭਾਈ ਨੂੰ ਦੇ ਦਿੱਤੀ ਗਈ। ਓਪਰੇਸ਼ਨ ਤੋਂ ਦੋ ਦਿਨ ਮਗਰੋਂ ਉਨ੍ਹਾਂ ਦੀ ਪਤਨੀ ਦੀ ਹਾਲਤ ਇਕ ਦਮ ਖਰਾਬ ਹੋ ਗਈ ਤੇ ਕੁਝ ਹੀ ਪਲਾਂ ਵਿਚ ਉਸ ਦੀ ਮ੍ਰਿਤੂ ਹੋ ਗਈ। ਉਸ ਸਮੇਂ ਉਨ੍ਹਾਂ ਦੀ ਉਮਰ 33 ਸਾਲ ਦੀ ਸੀ। ਉਸ ਸਮੇਂ ਵਲਭ ਭਾਈ ਇਕ ਅਹਿਮ ਮੁਕੱਦਮੇ ਦੀ ਪੈਰਵੀ ਕਰ ਰਹੇ ਸਨ। ਜਦੋਂ ਉਨ੍ਹਾਂ ਨੂੰ ਪਤਨੀ ਦੀ ਮ੍ਰਿਤੂ ਦੀ ਤਾਰ ਪੁਜੀ ਤਾਂ ਬਹਿਸ ਜਾਰੀ ਸੀ। ਜੇ ਬਹਿਸ ਨੂੰ ਵਿੱਚੇ ਛੱਡ ਕੇ ਉਹ ਬੰਬਈ ਤੁਰ ਜਾਂਦੇ ਤਾਂ ਪਤਾ ਨਹੀਂ ਮੁਕੱਦਮਾ ਹੀ ਉਲਟ ਹੋ ਜਾਂਦਾ। ਮੁਕੱਦਮਾਂ ਕਤਲ ਦਾ ਸੀ। ਦੋਸ਼ੀ ਮੌਤ ਤੇ ਜੀਵਨ ਵਿਚਕਾਰ ਲਟਕਿਆ ਹੋਇਆ ਸੀ। ਆਪਣੇ ਜੀਵਨ ਸਾਥੀ ਦੇ ਅਕਾਲ ਚਲਾਣੇ ਦੀ ਖਬਰ ਨੇ ਉਨ੍ਹਾਂ ਦੇ ਹਿਰਦੇ ਵਿਚ ਉਥਲ ਪੁਥਲ ਮਚਾ ਰਖੀ ਸੀ। ਉਸ ਸਮੇਂ ਵਲਭ ਭਾਈ ਨੇ ਆਪਣੇ ਆਪ ਤੇ ਕਾਬੂ ਪਾਕੇ ਇਕ ਦਮ ਫੈਸਲਾ ਕੀਤਾ ਕਿ ਮੁਕੱਦਮੇ ਦੀ ਕਾਰਵਾਈ ਮੁਕੰਮਲ ਹੋ ਜਾਣ ਤੇ ਹੀ ਉਹ ਬੰਬਈ ਜਾਣਗੇ। ਜਦੋਂ ਸ਼ਾਮੀਂ ਮਕੱਦਮੇ ਦੀ ਕਾਰਵਾਈ ਸਮਾਪਤ ਹੋ ਜਾਣ ਤੇ ਵਲਭ ਭਾਈ ਨੇ ਸਭ ਨੂੰ ਆਪਣੀ ਪਤਨੀ ਦੀ ਮ੍ਰਿਤ ਦੀ ਖ਼ਬਰ ਸੁਣਾਈ, ਤਾਂ ਉਨ੍ਹਾਂ ਦੇ ਇੰਨੇ ਹੌਂਸਲੇ, ਇਰਾਦੇ ਦੀ ਮਜ਼ਬੂਤੀ ਅਤੇ ਆਪਣੇ ਆਪ ਤੇ ਕਾਬੂ ਪਾਉਣ ਦੀ ਸ਼ਕਤੀ ਨੂੰ ਵੇਖ ਕੇ ਸਾਰੇ ਹੈਰਾਨ ਤੇ ਦੰਗ ਰਹਿ ਗਏ।

ਵਲਭ ਭਾਈ ਲਈ ਇਹ ਬੜੀ ਤਕੜੀ ਸੱਟ ਸੀ, ਪਰ ਉਨ੍ਹਾਂ ਨੇ ਬਹਾਦਰੀ ਨਾਲ ਇਸ ਨੂੰ ਸਹਿਨ ਕੀਤਾ। ਪਤਨੀ ਦੇ ਕਿਰਿਆ ਕਰਮ ਤੋਂ ਵਿਹਲਿਆਂ ਹੋ ਕੇ ਉਹ ਫਿਰ ਆਪਣੇ ਕੰਮਾਂ ਵਿਚ ਜੁਟ ਗਏ। ਹਾਲੀਂ ਸਾਲ ਕੁ ਹੀ ਬੀਤਿਆ ਹੋਵੇਗਾ ਕਿ ਵੱਡੇ ਵੀਰ ਦੀ ਪਤਨੀ ਸਖ਼ਤ ਬੀਮਾਰ ਹੋ ਗਈ। ਉਸ ਨੂੰ ਬੋਰਸਦ ਲਿਆਕੇ ਇਲਾਜ ਕੀਤਾ ਗਿਆ ਪਰ ਉਹ ਵੀ ਬਚ ਨਾ ਸਕੀ। ਸੰਨ 1910 ਦੇ ਆਰੰਭ ਵਿਚ ਉਹ ਵੀ ਪ੍ਰਭੂ ਦੇ ਚਰਨਾਂ ਵਿਚ ਜਾ ਬਿਰਾਜੀ।

## ਸੰਤਾਨ

ਵਲਭ ਭਾਈ ਪਟੇਲ ਦੇ ਇਸ ਸਮੇਂ ਤਕ ਦੋ ਬੱਚੇ ਹੋ ਚੁਕੇ ਸਨ। ਉਨ੍ਹਾਂ ਦੀ ਵੱਡੀ ਔਲਾਦ ਉਨ੍ਹਾਂ ਦੀ ਲੜਕੀ ਮਨੀ ਬਹਿਨ ਸੀ ਜੋ 1903 ਵਿਚ ਪੈਦਾ ਹੋਈ ਸੀ। ਉਨ੍ਹਾਂ ਦੇ ਪੁੱਤਰ ਡਾਹਿਆ ਭਾਈ ਦਾ ਜਨਮ 1905 ਵਿਚ ਹੋਇਆ ਸੀ।

**ਵਲਾਇਤ ਯਾਤਰਾ**

ਵਲਭ ਭਾਈ ਪਟੇਲ ਵਲਾਇਤ ਜਾ ਕੇ ਬੈਰਿਸਟਰੀ ਦੀ ਪੜ੍ਹਾਈ ਕਰਨ ਦੀ ਬਹੁਤ ਚਿਰ ਤੋਂ ਇੱਛਾ ਰਖਦੇ ਸਨ, ਪਰ ਵੱਡੇ ਵੀਰ ਦੀ ਇਛਾ ਅੱਗੇ ਉਨ੍ਹਾਂ ਸਿਰ ਨਿਵਾ ਲਿਆ ਸੀ। ਆਪਣੀ ਥਾਂ ਉਨ੍ਹਾਂ ਨੇ ਆਪਣੇ ਵੱਡੇ ਵੀਰ ਨੂੰ ਪੜ੍ਹਾਈ ਲਈ ਵਲਾਇਤ ਘਲ ਦਿੱਤਾ ਸੀ। ਹੁਣ ਵੱਡੇ ਵੀਰ ਪੜ੍ਹਾਈ ਸੰਪੂਰਨ ਕਰਕੇ ਆਪਣੀ ਪ੍ਰੈਕਟਿਸ ਵਿਚ ਜੁਟ ਗਏ ਸਨ। ਇਸ ਕਰਕੇ ਵਲਭ ਭਾਈ ਨੇ ਅਗੋਂ ਦੀ ਪੜ੍ਹਾਈ ਲਈ ਇੰਗਲੈਂਡ ਜਾਣ ਦੀ ਤਿਆਰੀ ਆਰੰਭ ਦਿਤੀ। ਵੱਡੇ ਵੀਰ ਵਾਂਗ ਇਹ ਤਿਆਰੀ ਵੀ ਚੁਪ ਚਾਪ ਕੀਤੀ ਗਈ। ਹੌਲੀ ਹੌਲੀ ਉੱਚ ਕਚਹਿਰੀ' ਦੇ ਕੰਮਾਂ ਨੂੰ ਸਮੇਟਦੇ ਰਹੇ। ਇਕ ਦਿਨ ਉਨ੍ਹਾਂ ਆਪਣੇ ਮਿਤਰ ਡਾਕਟਰ ਅਤੇ ਦੋ ਚਾਰ ਹੋਰ ਦੋਸਤਾਂ ਨੂੰ ਵਲਾਇਤ ਜਾਣ ਦੀ ਤਿਆਰੀ ਬਾਰੇ ਦਸਿਆ। ਉਨ੍ਹੀਂ ਦਿਨੀਂ ਉਨ੍ਹਾਂ ਦਾ ਛੋਟਾ ਵੀਰ ਕਾਸ਼ੀ ਭਾਈ ਵਕਾਲਤ ਪਾਸ ਕਰਕੇ ਬੋਰਸਦ ਆ ਗਿਆ ਸੀ। ਉਨ੍ਹਾਂ ਨੇ ਉਸ ਨੂੰ ਘਰ ਦੀ ਸਾਰੀ ਜ਼ਿੰਮੇਵਾਰੀ ਸੌਂਪ ਦਿਤੀ ਅਤੇ ਅਗਸਤ, 1910 ਵਿਚ ਬੰਬਈ ਤੋਂ ਸਮੁੰਦਰੀ ਜਹਾਜ਼ ਵਿਚ ਬੈਠ ਕੇ ਇੰਗਲੈਂਡ ਰਵਾਨਾ ਹੋ ਗਏ। ਇਸ ਤੋਂ ਪਹਿਲਾਂ ਵਲਭ ਭਾਈ ਨੇ ਸਮੁੰਦਰੀ ਜਹਾਜ਼ ਵੇਖਿਆ ਵੀ ਨਹੀਂ ਸੀ, ਨਾ ਕਦੀ ਆਪਣਾ ਭਾਰਤੀ ਪਹਿਰਾਵਾ ਹੀ ਬਦਲਿਆ ਸੀ। ਅਜ ਪਹਿਲੀ ਵਾਰ ਸੂਟ ਪਾ ਕੇ ਵਲਭ ਭਾਈ ਜਹਾਜ਼ ਵਿਚ ਸਵਾਰ ਹੋਏ। ਕੁਝ ਕਾਨੂੰਨ ਦੀਆਂ ਕਿਤਾਬਾਂ ਰਾਹ ਵਿਚ ਪੜ੍ਹਨ ਲਈ ਇਨ੍ਹਾਂ ਆਪਣੇ ਨਾਲ ਲੈ ਲਈਆਂ ਸਨ। ਇਕ ਭਾਰਤੀ ਰਜਵਾੜਾ ਵੀ ਇਸ ਜਹਾਜ਼ ਵਿਚ ਉਨ੍ਹਾਂ ਨਾਲ ਸਫ਼ਰ ਕਰ ਰਿਹਾ ਸੀ। ਲੰਡਨ ਪਹੁੰਚ ਕੇ ਉਨ੍ਹਾਂ ਨੇ ਇਕ ਮਾਲਕ-ਮਕਾਨ ਇਸਤਰੀ ਦੇ ਘਰ ਰਿਹਾਇਸ਼ ਰਖੀ, ਜਿਥੇ ਹੋਟਲ ਨਾਲੋਂ ਰਿਹਾਇਸ਼ ਅਤੇ ਖੁਰਾਕ ਕਾਫ਼ੀ ਸਸਤੀ ਸੀ।

ਬੈਰਿਸਟਰੀ ਦੀ ਪੜ੍ਹਾਈ ਲਈ ਉਹ ਮਿਡਲ ਟੈਂਪਲ ਵਿਚ ਦਾਖ਼ਲ ਹੋ ਗਏ। ਕੁਝ ਹੀ ਦਿਨਾਂ ਵਿਚ ਪਹਿਲੀ ਪਰੀਖਿਆ ਹੋਣ ਵਾਲੀ ਸੀ, ਉਸ ਪਰੀਖਿਆ ਵਿਚ ਉਹ ਬਹੁਤ ਚੰਗੇ ਨੰਬਰ ਲੈ ਕੇ ਸਫਲ ਹੋਏ।

ਬੈਰਿਸਟਰੀ ਪਾਸ ਕਰਨ ਲਈ ਤਿੰਨ ਸਾਲ ਦਾ ਕੋਰਸ ਸੀ ਪਰ ਡੇਢ ਸਾਲ ਮਗਰੋਂ ਕੋਈ ਮਿਹਨਤੀ ਤੇ ਹੋਣਹਾਰ ਵਿਦਿਆਰਥੀ ਇਸ ਪਰੀਖਿਆ ਵਿਚ ਬੈਠ ਸਕਦਾ ਸੀ। ਵਲਭ ਭਾਈ ਵੀ ਉਸ ਪਰੀਖਿਆ ਵਿਚ ਬੈਠੇ। ਪਰੀਖਿਆ ਵਿਚੋਂ ਸਫ਼ਲ ਹੋਣ ਤੇ ਐਕਟੀਵਿਟੀ ਦਾ

ਪੰਜ ਪੌਂਡ ਦਾ ਇਨਾਮ ਉਨ੍ਹਾਂ ਅਤੇ ਮਿ: ਜੀ. ਡੇਵਿਸ ਦੋਵਾਂ ਵਿਚਕਾਰ ਵੰਡ ਦਿੱਤਾ ਗਿਆ। ਇਹੋ ਜੀ ਡੇਵਿਸ ਹਿੰਦੁਸਤਾਨ ਆਕੇ ਅਹਿਮਦਾਬਾਦ ਵਿਚ ਡਿਸਟ੍ਰਿਕਟ ਤੇ ਸੈਸ਼ਨ ਜੱਜ ਲੱਗਾ, ਅਤੇ ਮਗਰੋਂ ਸਿੰਧ ਦੇ ਚੀਫ਼ ਕੋਰਟ ਦਾ ਚੀਫ ਜੱਜ ਬਣਿਆ। ਜੀ. ਡੇਵਸ ਅਤੇ ਵਲਭ ਭਾਈ ਦੀ ਮਿਤ੍ਰਤਾ ਅੰਤ ਤਕ ਬਣੀ ਰਹੀ।

ਭਾਰਤੀ ਵਿਦਿਆਰਥੀ ਜਦੋਂ ਵਲਾਇਤ ਪੜ੍ਹਨ ਲਈ ਜਾਂਦੇ ਸਨ ਤਾਂ ਉਹ ਵਲਾਇਤੀ ਰੰਗ ਵਿਚ ਰੰਗੇ ਜਾਂਦੇ ਸਨ। ਉਥੋਂ ਦੇ ਵਾਤਾਵਰਣ ਦਾ ਵਿਦਿਆਰਥੀਆਂ ਤੇ ਫੋਰਨ ਅਸਰ ਪੈਂਦਾ ਸੀ। ਅੰਗਰੇਜ਼ ਕੁੜੀਆਂ ਨਾਲ ਦੋਸਤੀ, ਕਲਬਾਂ ਵਿਚ ਜਾਣਾ ਤੇ ਸ਼ਰਾਬ ਪੀਣੀ ਆਮ ਗੱਲਾਂ ਸਨ, ਪਰ ਵਲਭ ਭਾਈ ਇਨ੍ਹਾਂ ਸਾਰੀਆਂ ਗੱਲਾਂ ਤੋਂ ਮੁਕਤ ਸਨ। ਉਹ ਸਵੇਰੇ ਉਠਕੇ ਆਪਣੇ ਨਿਵਾਸ ਸਥਾਨ ਤੋਂ ਮਿਡਲਟੈਂਪਲ ਦੀ ਲਾਇਬ੍ਰੇਰੀ ਤਕ ਪੈਦਲ ਜਾਂਦੇ ਅਤੇ ਸਵੇਰੇ ਤੋਂ ਸ਼ਾਮ ਤਕ ਆਪਣੀ ਪੜ੍ਹਾਈ ਵਿਚ ਜੁਟੇ ਰਹਿੰਦੇ। ਅੰਤ ਰਾਤ ਨੂੰ ਜਦੋਂ ਚਪੜਾਸੀ ਲਾਇਬ੍ਰੇਰੀ ਬੰਦ ਕਰਨ ਦੀ ਸੂਚਨਾ ਦਿੰਦਾ, ਤਾਂ ਹੀ ਉਥੋਂ ਉਠਦੇ। ਲਾਇਬ੍ਰੇਰੀ ਵਿਚ ਹੀ ਦੁਧ ਅਤੇ ਡਬਲ ਰੋਟੀ ਮੰਗਾ ਕੇ ਖਾ ਲੈਂਦੇ। ਇਸ ਤਰ੍ਹਾਂ ਉਹ ਸਤਾਰਾਂ ਸਤਾਰਾਂ ਘੰਟੇ ਰੋਜ਼ਾਨਾ ਆਪਣੀ ਪੜ੍ਹਾਈ ਵਿਚ ਜੁਟੇ ਰਹਿੰਦੇ।

ਸੰਨ 1911 ਵਿਚ ਉਨ੍ਹਾਂ ਦੇ ਪੈਰ ਵਿਚ ਅਚਾਨਕ ਦਰਦ ਸ਼ੁਰੂ ਹੋ ਗਿਆ ਤੇ ਪੈਰ ਸੁੱਜ ਗਿਆ। ਡਾਕਟਰ ਨੇ ਦਸਿਆ ਕਿ ਇਸ ਵਿਚ ਅਜਿਹਾ ਕੀੜਾ ਹੈ ਜੋ ਸਰੀਰ ਵਿਚ ਘੁੰਮਦਾ ਰਹਿੰਦਾ ਹੈ। ਜਦੋਂ ਉਹ ਕੀੜਾ ਟੁੱਟ ਜਾਵੇ, ਤਾਂ ਉਹ ਸਰੀਰ ਦੇ ਹੋਰ ਹਿੱਸਿਆਂ ਵਿਚ ਚਲਾ ਜਾਂਦਾ ਹੈ। ਉਸ ਕੀੜੇ ਨੂੰ ਪੈਰ ਵਿਚੋਂ ਕੱਢਣ ਲਈ ਦੋ ਵਾਰੀ ਓਪਰੇਸ਼ਨ ਕੀਤਾ ਗਿਆ, ਪਰ ਉਹ ਨਿਕਲਿਆ ਨਾ। ਇਹ ਵੀ ਡਰ ਸੀ ਕਿ ਸ਼ਾਇਦ ਪੈਰ ਕਟਣਾ ਪੈ ਜਾਵੇ ! ਅੰਤ ਇਕ ਹੋਰ ਡਾਕਟਰ ਦੇ ਓਪਰੇਸ਼ਨ' ਨਾਲ ਕੀੜਾ ਨਿਕਲ ਗਿਆ ਤਾਂ ਕਿਤੇ ਜਾਕੇ ਪੈਰ ਨੂੰ ਆਰਾਮ ਆਇਆ। ਅਪਰੇਸ਼ਨ ਸਮੇਂ ਡਾਕਟਰ ਹੈਰਾਨ ਸੀ ਕਿ ਬਿਨਾਂ ਕਲੋਰੋਫਾਰਮ ਸੁੰਘਾਏ ਬੜੇ ਹੌਸਲੇ ਨਾਲ ਵਲਭ ਭਾਈ ਨੇ ਅਪਰੇਸ਼ਨ ਕਰਾ ਲਿਆ ਸੀ। ਇਸ ਔਕੜ ਸਮੇਂ ਉਨ੍ਹਾਂ ਦੇ ਮੂੰਹੋਂ 'ਸੀ' ਤੀਕ ਨਹੀਂ ਸੀ ਨਿਕਲੀ।

ਜੂਨ, 1912 ਵਿਚ ਵਲਭ ਭਾਈ ਨੇ ਆਖ਼ਰੀ ਪਰੀਖਿਆ ਦਿਤੀ, ਜਿਸ ਵਿਚ ਉਹ ਪਹਿਲੇ ਦਰਜੇ ਤੇ ਪਾਸ ਹੋਏ। ਇਸ ਸਫਲਤਾ ਤੇ ਉਨ੍ਹਾਂ ਨੂੰ ਯੂਨੀਵਰਸਿਟੀ ਵਲੋਂ ਪੰਜਾਹ ਪੌਂਡ

ਦਾ ਇਨਾਮ ਦਿੱਤਾ ਗਿਆ। ਜਦੋਂ ਡਿਗਰੀਆਂ ਵੰਡਣ ਦਾ ਦਿਨ ਆਇਆ ਤਾਂ ਵਲਭ ਭਾਈ ਇਕ ਜਲੂਸ ਦੀ ਸ਼ਕਲ ਵਿਚ ਯੂਨੀਵਰਸਿਟੀ ਗਏ। ਉਥੇ ਬੜੇ ਸਤਿਕਾਰ ਨਾਲ ਉਨ੍ਹਾਂ ਨੂੰ ਡਿਗਰੀ ਦਿਤੀ ਗਈ। ਪਹਿਲੇ ਦਰਜੇ ਤੇ ਪਾਸ ਹੋਣ ਕਾਰਣ ਵਲਾਇਤ ਵਿਚ ਉਨ੍ਹਾਂ ਦੀ ਬੜੀ ਪ੍ਰਸੰਸਾ ਹੋਈ।

**ਦੇਸ਼ ਵਾਪਸੀ :**

13 ਫਰਵਰੀ, 1913 ਨੂੰ ਵਲਭ ਭਾਈ ਵਲਾਇਤ ਨੂੰ ਅਲਵਿਦਾ ਕਹਿਕੇ ਭਾਰਤ ਵਾਪਸ ਪਰਤ ਆਏ। ਦੇਸ਼ ਆਕੇ ਉਨ੍ਹਾਂ ਆਪਣੀ ਪ੍ਰੈਕਟਿਸ ਲਈ ਅਹਿਮਦਾਬਾਦ ਦਾ ਸ਼ਹਿਰ ਚੁਣਿਆ। ਵਲਭ ਭਾਈ ਦੇ ਵੱਡੇ ਭਰਾ ਵੀ ਅਹਿਮਦਾਬਾਦ ਵਿਚ ਸਨ ਤੇ ਉਹ ਵਕਾਲਤ ਦੇ ਨਾਲ ਨਾਲ ਲੋਕ ਸੇਵਾ ਦੇ ਕੰਮਾਂ ਵਿਚ ਵੀ ਹਿੱਸਾ ਲੈਂਦੇ ਸਨ। ਵਕਾਲਤ ਲਈ ਪੂਰਾ ਸਮਾਂ ਦੇਣਾ ਜ਼ਰੂਰੀ ਹੁੰਦਾ ਹੈ। ਇਸ ਲਈ ਲੋਕ ਸੇਵਾ ਦੇ ਕੰਮਾਂ ਵਿਚ ਹਿੱਸਾ ਲੈਣ ਕਾਰਣ ਵਕਾਲਤ ਦੇ ਕੰਮ ਵਿਚ ਵਿਘਨ ਪੈਣਾ ਜ਼ਰੂਰੀ ਸੀ। ਇਸੇ ਕਰਕੇ ਦੋਹਾਂ ਭਰਾਵਾਂ ਨੇ ਫ਼ੈਸਲਾ ਕੀਤਾ ਕਿ ਵੱਡੇ ਵੀਰ ਲੋਕ ਸੇਵਾ ਦਾ ਕੰਮ ਕਰਨ ਅਤੇ ਵਲਭ ਭਾਈ ਆਪਣੇ ਤੇ ਉਨ੍ਹਾਂ ਦੇ ਘਰੋਗੀ ਖ਼ਰਚਾਂ ਦੀ ਜ਼ਿੰਮੇਵਾਰੀ ਲੈਣ, ਸੋ ਇਸੇ ਤਰ੍ਹਾਂ ਹੋਣ ਲੱਗ ਪਿਆ।

ਅਹਿਮਦਾਬਾਦ ਵਿਚ ਉਨ੍ਹੀਂ ਦਿਨੀ ਕੇਵਲ ਛੇ ਸੱਤ ਹੀ ਬੈਰਿਸਟਰ ਸਨ। ਵਕਾਲਤ ਦੇ ਕੰਮ ਵਿਚ ਵਲਭ ਭਾਈ ਪਹਿਲਾਂ ਹੀ ਨਾਮਣਾ ਖੱਟ ਚੁੱਕੇ ਸਨ। ਹੁਣ ਉਨ੍ਹਾਂ ਦਾ ਕੰਮ ਪਹਿਲਾਂ ਤੋਂ ਵਧੀਆ ਚਲ ਪਿਆ। ਉਨ੍ਹਾਂ ਦੀ ਸ਼ਖ਼ਸੀਅਤ ਬੜੀ ਰੋਹਬ ਦਾਬ ਵਾਲੀ ਸੀ, ਤੇ ਜੋ ਮੁਕੱਦਮਾ ਹੱਥ ਵਿਚ ਲੈਂਦੇ ਉਸ ਤੇ ਮਿਹਨਤ ਵੀ ਬੜੀ ਕਰਦੇ ਸਨ। ਸੋ ਉਨ੍ਹਾਂ ਦੀ ਸੁਹਰਤ ਦੂਰ ਦੂਰ ਤਕ ਜਾ ਪੁੱਜੀ। ਉਹ ਉਥੋਂ ਦੀ ਕਲੱਬ ਦੇ ਮੈਂਬਰ ਵੀ ਸਨ। ਉਸ ਕਲੱਬ ਵਿਚ ਪਹਿਲਾਂ ਤਾਂ ਨਿਰੀ ਗਪ ਸ਼ਪ ਹੀ ਚਲਦੀ ਸੀ। ਪਰ ਹੁਣ ਵਲਭ ਭਾਈ ਦੇ ਆਉਣ ਨਾਲ ਦੇਸ਼ ਦੀ ਰਾਜਨੀਤੀ ਤੇ ਵੀ ਚਰਚਾ ਚਲਣ ਲਗ ਪਈ। ਸੰਨ 1917 ਵਿਚ ਉਨ੍ਹਾਂ ਨੂੰ ਨਗਰ-ਪਾਲਿਕਾ ਦਾ ਮੈਂਬਰ ਚੁਣ ਲਿਆ ਗਿਆ। ਮਗਰੋਂ ਸਫ਼ਾਈ ਕਮੇਟੀ ਦੇ ਉਹ ਪ੍ਰਧਾਨ ਬਣੇ।

ਉਨ੍ਹੀਂ ਦਿਨੀਂ ਸ਼ਹਿਰ ਵਿਚ ਸਖ਼ਤ ਪਲੇਗ ਫੈਲ ਗਈ। ਰੋਜ਼ਾਨਾ ਸੈਂਕੜੇ ਬੰਦੇ ਮਰਨ ਲੱਗੇ। ਵਲਭ ਭਾਈ ਇਸ ਖ਼ਤਰੇ ਸਮੇਂ ਆਪਣੀ ਜਾਨ ਦੀ ਪਰਵਾਹ ਨਾ ਕਰਦੇ ਹੋਏ ਇਕ ਦਮ ਮੈਦਾਨ ਵਿਚ ਨਿਤਰ ਆਏ। ਸਾਰੇ ਸ਼ਹਿਰ ਦੇ ਲੋਕਾਂ ਨੂੰ ਜੰਗਲਾਂ ਵਿਚ ਜਾ ਵਸਾਇਆ, ਉਨ੍ਹਾਂ ਦੇ ਲੰਗਰ ਆਦਿ ਦਾ ਪ੍ਰਬੰਧ ਕੀਤਾ। ਆਪਣੀ ਜਾਨ ਤਕ ਦੀ ਪਰਵਾਹ ਨਾ ਕੀਤੀ ਤੇ ਦਿਨ ਰਾਤ ਬੀਮਾਰਾਂ ਦੀ ਸੇਵਾ ਵਿਚ ਜੁਟੇ ਰਹੇ। ਉਨ੍ਹਾਂ ਦੀ ਹਿੰਮਤ, ਸਿਆਣਪ ਤੇ ਸੇਵਾ ਨਾਲ ਲੱਖਾਂ ਲੋਕੀਂ ਮੌਤ ਦੇ ਮੂੰਹ ਬੱਚ ਗਏ।

ਇਸ ਮਗਰੋਂ ਸੰਨ 1918 ਵਿਚ ਜਦੋਂ ਸ਼ਹਿਰ ਵਿਚ ਫ਼ਲੂ ਦੀ ਬੀਮਾਰੀ ਫੈਲੀ ਤਾਂ ਉਨ੍ਹਾਂ ਘਰ ਘਰ ਦਵਾਈਆਂ ਪੁਚਾਈਆਂ ਤੇ ਲੋਕਾਂ ਨੂੰ ਇਸ ਭਿਆਨਕ ਰੋਗ ਤੋਂ ਬਚਾਇਆ। ਇਸੇ ਲਈ ਉਹ ਜਨਤਾ ਦੇ ਹਰਮਨ ਪਿਆਰ ਨੇਤਾ ਬਣ ਗਏ।

-0-

3

# ਸੁਤੰਤਰਤਾ ਸੰਗਰਾਮ ਪਹਿਲਾ

ਜਦੋਂ ਗਾਂਧੀ ਜੀ ਦੱਖਣੀ ਅਫ਼ਰੀਕਾ ਤੋਂ ਵਾਪਸ ਦੇਸ਼ ਪਰਤੇ ਤਾਂ ਉਨ੍ਹਾਂ ਬਾਰੇ ਸਾਰੇ ਭਾਰਤ ਵਿਚ ਚਰਚਾ ਸੀ। ਦੱਖਣੀ ਅਫ਼ਰੀਕਾ ਵਿਚ ਗੋਰੀ ਸਰਕਾਰ ਨਾਲ ਉਨ੍ਹਾਂ ਕਈ ਵਾਰ ਟੱਕਰ ਲਈ ਤੇ ਅੰਤ ਸਮੇਂ ਤਕ ਆਪਣੇ ਮੰਤਵ ਦੀ ਪੂਰਤੀ ਲਈ ਡਟੇ ਰਹੇ। ਇਸ ਰਾਹ ਵਿਚ ਉਨ੍ਹਾਂ ਨੂੰ ਬੜੀਆਂ ਔਕੜਾਂ ਪੇਸ਼ ਆਈਆਂ, ਪਰ ਉਨ੍ਹਾਂ ਕੋਈ ਪਰਵਾਹ ਨਾ ਕੀਤੀ। ਦੱਖਣੀ ਅਫ਼ਰੀਕਾ ਵਿਚ ਰਹਿ ਰਹੇ ਹਿੰਦ ਵਾਸੀਆਂ ਦੇ ਹੱਕਾਂ ਲਈ ਉਹ ਜਾਨ ਦੀ ਬਾਜ਼ੀ ਲਾਉਂਦੇ ਰਹੇ।

ਗਾਂਧੀ ਜੀ ਸੰਨ 1916 ਦੇ ਆਰੰਭ ਵਿਚ ਦੇਸ਼ ਵਾਪਸ ਆਏ। ਕੁਝ ਦਿਨ ਸ਼ਾਂਤੀ ਨਿਕੇਤਨ ਠਹਿਰਨ ਮਗਰੋਂ ਉਹ ਅਪਰੈਲ ਵਿਚ ਅਹਿਮਦਾਬਾਦ ਆਏ ਤੇ ਕੋਚਖ ਨਾਂ ਦੇ ਨਗਰ ਵਿਚ ਆਪਣਾ ਆਸ਼ਰਮ ਖੋਲਿਆ। ਆਸ਼ਰਮ ਦੇ ਨਾਲ ਹੀ ਉਨ੍ਹਾਂ ਦਾ ਇਕ ਸਕੂਲ ਖੋਲ੍ਹਣ ਦਾ ਵੀ ਵਿਚਾਰ ਸੀ। ਇਸੇ ਸਬੰਧ ਵਿਚ ਉਹ ਗੁਜਰਾਤ ਕਲੱਬ ਆਏ। ਕਲੱਬ ਦੇ ਬਹੁਤ ਸਾਰੇ ਮੈਂਬਰ ਗਾਂਧੀ ਜੀ ਦੇ ਵਿਚਾਰ ਸੁਣਨ ਲਈ ਇੱਕਠੇ ਹੋਏ, ਪਰ ਵਲਭ ਭਾਈ ਗਾਂਧੀ ਜੀ ਨੂੰ ਮਿਲਣ ਨਾ ਗਏ। ਉਨ੍ਹਾਂ ਆਪਣੇ ਸਾਥੀਆਂ ਨੂੰ ਵੀ ਗਾਂਧੀ ਜੀ ਨੂੰ ਮਿਲਣ ਤੋਂ ਰੋਕਿਆ ਤੇ ਗਾਂਧੀ ਜੀ ਦੇ ਪੁਰਾਤਨ ਵਿਚਾਰਾਂ ਦਾ ਮਖ਼ੌਲ ਉਡਾਇਆ।

ਜੁਲਾਈ, 1917 ਵਿਚ ਵਲਭ ਭਾਈ ਗੁਜਰਾਤ ਕਲੱਬ ਦੇ ਸਕੱਤਰ ਚੁਣੇ ਗਏ। ਇਨ੍ਹਾਂ ਦਿਨਾਂ ਵਿਚ ਗਾਂਧੀ ਜੀ ਚੰਪਾਰਨ ਜ਼ਿਲੇ ਵਿਚ ਪਿੰਡ ਪਿੰਡ ਘੁੰਮ ਕੇ ਪੀੜਤ ਲੋਕਾਂ ਦੀ ਸੇਵਾ ਕਰ ਰਹੇ ਸਨ। ਇਸ ਦਾ ਪ੍ਰਭਾਵ ਸਾਰੇ ਦੇਸ਼ ਤੇ ਪਿਆ। ਇਕ ਦਿਨ ਮੋਤੀਹਾਰੀ ਵਿਚ ਮੈਜਿਸਟਰੇਟ ਨੇ ਗਾਂਧੀ ਜੀ ਦੇ ਇਸ ਨੇਕ ਕੰਮ ਤੇ ਰੋਕ ਲਗਾ ਦਿਤੀ, ਅਤੇ ਉਨ੍ਹਾਂ ਨੂੰ ਚੰਪਾਰਨ ਜ਼ਿਲੇ ਵਿਚੋਂ ਨਿਕਲ ਜਾਣ ਦਾ ਹੁਕਮ ਦਿੱਤਾ।

ਗਾਂਧੀ ਜੀ ਨੇ ਇਹ ਹੁਕਮ ਮੰਨਣੋ ਸਾਫ਼ ਇਨਕਾਰ ਕਰ ਦਿੱਤਾ। ਲੋਕ ਸੇਵਾ ਦਾ ਕੰਮ ਜਾਰੀ ਰਖਿਆ। ਸਰਕਾਰ ਵਲੋਂ ਉਨ੍ਹਾਂ ਤੇ ਮੁਕੱਦਮਾ ਚਲਾਇਆ ਗਿਆ। ਮੈਜਿਸਟਰੇਟ

ਸਾਹਮਣੇ ਗਾਂਧੀ ਜੀ ਨੇ ਜੋ ਦਲੇਰਾਨਾ ਬਿਆਨ ਦਿੱਤਾ, ਉਸ ਨਾਲ ਸਾਰੇ ਭਾਰਤ ਵਿਚ ਉਨ੍ਹਾਂ ਦੀ ਧਾਕ ਬੈਠ ਗਈ।

ਵਲਭ ਭਾਈ ਨੇ ਜਦੋਂ ਅਖ਼ਬਾਰਾਂ ਵਿਚ ਗਾਂਧੀ ਜੀ ਦਾ ਇਹ ਬਿਆਨ ਪੜ੍ਹਿਆ ਤਾਂ ਉਹ ਮਹਾਤਮਾ ਜੀ ਦੀ ਦਲੇਰੀ ਤੇ ਬਹੁਤ ਪ੍ਰਸੰਨ ਹੋਏ। ਵਲਭ ਭਾਈ ਗੁਜਰਾਤ ਸਭਾ ਦੇ ਵਿਸ਼ੇਸ਼ ਮੈਂਬਰਾਂ ਵਿਚੋਂ ਸਨ, ਉਨ੍ਹਾਂ ਦੀ ਪ੍ਰੇਰਨਾ ਤੇ ਇਸ ਸਾਲ ਗਾਂਧੀ ਜੀ ਨੂੰ ਗੁਜਰਾਤ ਸਭਾ ਦੀ ਪ੍ਰਧਾਨਗੀ ਲਈ ਸੱਦਾ ਦਿੱਤਾ ਗਿਆ ਜੋ ਉਨ੍ਹਾਂ ਪਰਵਾਨ ਕਰ ਲਿਆ। ਇਸ ਸਭਾ ਵਿਚ ਬੰਬਈ ਦੇ ਬਹੁਤ ਸਾਰੇ ਲੀਡਰ ਵੀ ਸ਼ਾਮਲ ਹੋਏ। ਮਿ. ਜਿਨਾਹ ਵੀ ਇਸ ਸਭਾ ਵਿਚ ਹਿੱਸਾ ਲੈਣ ਆਏ। ਉਸ ਸਮੇਂ ਉਹ ਹਿੰਦੂ-ਮੁਸਲਿਮ ਏਕਤਾ ਦੇ ਹਾਮੀ ਸਨ, ਇਸ ਕਰਕੇ ਗੋਧਰਾ ਵਿਚ ਉਨ੍ਹਾਂ ਦਾ ਸ਼ਾਨਦਾਰ ਸਵਾਗਤ ਹੋਇਆ। ਸ੍ਰੀ ਤਿਲਕ ਤੇ ਉਨ੍ਹਾਂ ਦੇ ਸਾਥੀ ਖਾਪਰਡੇ ਵੀ ਗੋਧਰਾ ਪਹੁੰਚੇ। ਗਾਂਧੀ ਜੀ ਨੇ ਸਭਾ ਵਿਚ ਭਾਸ਼ਨ ਦੇਣ ਵਾਲਿਆਂ ਨੂੰ ਗੁਜਰਾਤੀ ਵਿਚ ਬੋਲਣ ਦੀ ਪ੍ਰੇਰਨਾ ਦਿਤੀ। ਇਸ ਕਰਕੇ ਸਭ ਨੇ ਗੁਜਰਾਤੀ ਵਿਚ ਆਪਣੇ ਵਿਚਾਰ ਪ੍ਰਗਟ ਕੀਤੇ। ਜਦੋਂ ਸਰੋਜਨੀ ਨੈਡੂ ਨੇ ਇਸ ਕਾਰਵਾਈ ਦੀ ਖ਼ਬਰ ਪੜ੍ਹੀ ਤਾਂ ਉਸ ਨੇ ਗਾਂਧੀ ਜੀ ਨੂੰ ਇਕ ਪੱਤਰ ਲਿਖਿਆ:

“ਸਾਡੇ ਵਰਗੇ ਲੋਕਾਂ ਤੇ ਹਰ ਵਾਰ ਤੁਸੀਂ ਹਿੰਦੁਸਤਾਨੀ ਵਿੱਚ ਭਾਸ਼ਣ ਕਰਾਉਣ ਦਾ ਜ਼ੁਲਮ ਕਰਦੇ ਹੀ ਹੋ, ਪਰ ਇਸ ਵਾਰ ਤੁਸੀਂ ਜੋ ਗੁੱਟ ਜਿਨਾਹ ਤੋਂ ਗੁਜਰਾਤੀ ਵਿਚ ਤਕਰੀਰ ਕਰਵਾਈ, ਇਸ ਨੂੰ ਮੈਂ ਤੁਹਾਡੀ ਚਮਤਕਾਰੀ ਜਿਤ ਮੰਨਦੀ ਹਾਂ। ਜਿਸ ਲਈ ਮੈਂ ਤੁਹਾਨੂੰ ਵਧਾਈ ਦਿੰਦੀ ਹਾਂ....।”

ਪਹਿਲਾਂ ਇਸ ਤਰ੍ਹਾਂ ਦੀਆਂ ਸਭਾਵਾਂ ਵਿਚ ਤਕਰੀਰਾਂ ਅੰਗਰੇਜ਼ੀ ਵਿਚ ਹੀ ਹੁੰਦੀਆਂ ਸਨ। ਇਹ ਪਹਿਲੀ ਵਾਰ ਸੀ, ਜਦੋਂ ਸਭ ਬੋਲਣ ਵਾਲਿਆਂ ਨੇ ਗੁਜਰਾਤੀ ਜਾਂ ਕਿਸੇ ਹੋਰ ਭਾਰਤੀ ਜ਼ੁਬਾਨ ਵਿਚ ਆਪਣੇ ਵਿਚਾਰ ਪ੍ਰਗਟ ਕੀਤੇ।

ਇਸ ਤੋਂ ਪਹਿਲਾਂ ਜੋ ਵੀ ਰਾਜਸੀ ਸਭਾਵਾਂ ਹੁੰਦੀਆਂ ਸਨ, ਉਨ੍ਹਾਂ ਵਿਚ ਸਭ ਤੋਂ ਪਹਿਲਾਂ ਅੰਗਰੇਜ਼ੀ ਰਾਜ ਦੀ ਵਫ਼ਾਦਾਰੀ ਸਬੰਧੀ ਮਤਾ ਪੇਸ਼ ਹੁੰਦਾ ਸੀ। ਗਾਂਧੀ ਜੀ ਨੇ ਇਸ ਗੱਲ ਨੂੰ ਬਿਲਕੁਲ ਵਾਧੂ ਦਸਦਿਆਂ ਕਿਹਾ, "ਜਦੋਂ ਅੰਗਰੇਜ਼ ਖ਼ੁਦ ਆਪਣੀਆਂ ਸਭਾਵਾਂ ਵਿਚ ਅੰਗਰੇਜ਼ੀ ਰਾਜ ਪ੍ਰਤੀ ਵਫਾਦਾਰੀ ਸਬੰਧੀ ਪ੍ਰਸਤਾਵ ਨਹੀਂ ਪੇਸ਼ ਕਰਦੇ ਤਾਂ ਫਿਰ ਹਿੰਦੁਸਤਾਨੀ ਕਿਉਂ ਇਹ ਫ਼ਜ਼ੂਲ ਸਾਂਗ ਰਚਦੇ ਹਨ? ਇਸ ਦੀ ਬਿਲਕੁਲ ਹੀ ਲੋੜ ਨਹੀਂ।"

ਉਨ੍ਹਾਂ ਦੇ ਇਸ ਵਿਚਾਰ ਨਾਲ ਸਭ ਨੇਤਾ ਸਹਿਮਤ ਹੋ ਗਏ, ਤੇ ਇਸ ਸਭਾ ਵਿਚ ਇਸ ਤਰ੍ਹਾਂ ਦਾ ਕੋਈ ਮਤਾ ਨਾ ਪੇਸ਼ ਕੀਤਾ ਗਿਆ। ਇਸ ਸਭਾ ਵਿਚ ਇਕ ਹੋਰ ਫੈਸਲਾ ਕੀਤਾ

ਗਿਆ ਕਿ ਸਾਲਾਨਾ ਸਮਾਗਮਾਂ ਮਗਰੋਂ ਸਭਾ ਦਾ ਕੰਮ ਸਾਲ ਭਰ ਲਈ ਠੱਪ ਨਹੀਂ ਹੋ ਜਾਣਾ ਚਾਹੀਦਾ। ਇਕ ਕਾਰਜਕਾਰੀ ਕਮੇਟੀ ਨਿਯੁਕਤ ਕੀਤੀ ਜਾਵੇ, ਜੋ ਅਗਲੇ ਸਾਲ ਦੇ ਸੰਮੇਲਨ ਤਕ ਕੰਮ ਜਾਰੀ ਰੱਖੇ। ਇਸ ਕੰਮ ਲਈ ਜੋ ਕਮੇਟੀ ਬਣਾਈ ਗਈ, ਉਸ ਦਾ ਸਕੱਤਰ ਵਲਭ ਭਾਈ ਨੂੰ ਥਾਪਿਆ ਗਿਆ। ਇਹ ਪਹਿਲਾ ਮੌਕਾ ਸੀ ਜਦੋਂ ਵਲਭ ਭਾਈ ਨੇ ਰਾਜਸੀ ਮੈਦਾਨ ਵਿਚ ਪ੍ਰਵੇਸ਼ ਕੀਤਾ।

ਦੇਸ਼ ਵਿਚ ਹੋਮ ਲੀਗ ਦੀ ਬੁਨਿਆਦ ਰੱਖ ਦਿਤੀ ਗਈ ਸੀ। ਇਸ ਲੀਗ ਦਾ ਪਹਿਲਾ ਕੰਮ ਸਾਰੇ ਦੇਸ਼ ਵਿਚ 'ਬੇਗਾਰ' ਵਿਰੋਧੀ ਲਹਿਰ ਚਲਾਣੀ ਸੀ। ਇਸ ਅੰਦੋਲਨ ਦੀ ਰੂਪ ਰੇਖਾ ਤਿਆਰ ਕਰਨ ਦਾ ਕੰਮ ਵੀ ਵਲਭ ਭਾਈ ਨੂੰ ਸੌਂਪਿਆ ਗਿਆ। ਵਲਭ ਭਾਈ ਨੇ ਇਸ ਸਬੰਧੀ ਕਮਿਸ਼ਨਰ ਨਾਲ ਚਿੱਠੀ ਪੱਤਰ ਆਰੰਭੀ, ਪਰ ਅੰਗਰੇਜ਼ੀ ਸਰਕਾਰ ਦੇ ਇਸ ਵੱਡੇ ਪੁਰਜ਼ੇ ਨੇ ਵਲਭ ਭਾਈ ਨੂੰ ਚਿੱਠੀ ਦਾ ਉਤਰ ਹੀ ਨਾ ਦਿੱਤਾ।

ਦੂਜੇ ਪੱਤਰ ਵਿਚ ਵਲਭ ਭਾਈ ਨੇ ਕਮਿਸ਼ਨਰ ਨੂੰ ਲਿਖਿਆ ਕਿ ਜੇਕਰ ਇਸ ਚਿੱਠੀ ਦਾ ਉੱਤਰ ਸਤਾਂ ਦਿਨਾਂ ਦੇ ਅੰਦਰ ਅੰਦਰ ਨਾ ਮਿਲਿਆਂ, ਤਾਂ ਹਾਈ ਕੋਰਟ ਦੇ ਫ਼ੈਸਲੇ ਅਨੁਸਾਰ 'ਬੇਗਾਰ' ਨੂੰ ਗ਼ੈਰ-ਕਾਨੂੰਨੀ ਠਹਿਰਾ ਕੇ ਉਹ ਲੋਕਾਂ ਨੂੰ ਬੇਗਾਰ ਨਾ ਕਰਨ ਲਈ ਉਭਾਰਨਗੇ। ਇਸ ਚਿੱਠੀ ਦੇ ਮਿਲਣ ਤੇ ਕਮਿਸ਼ਨਰ ਨੇ ਵਲਭ ਭਾਈ ਨੂੰ ਵਿਚਾਰ ਵਟਾਂਦਰੇ ਲਈ ਬੁਲਾਇਆ ਤੇ ਅਖ਼ੀਰ ਉਨ੍ਹਾਂ ਦੇ ਹੱਕ ਵਿਚ ਫ਼ੈਸਲਾ ਦੇ ਦਿੱਤਾ। ਇਹ ਖ਼ੁਸ਼ੀ ਭਰੀ ਖ਼ਬਰ ਗਾਂਧੀ ਜੀ ਨੂੰ ਚੰਪਾਰਨ ਘਲੀ ਗਈ, ਜਿਸ ਨੂੰ ਸੁਣ ਕੇ ਗਾਂਧੀ ਜੀ ਬਹੁਤ ਪ੍ਰਸੰਨ ਹੋਏ।

### ਪਹਿਲਾ ਸਤਿਆਗ੍ਰਹਿ

ਸੰਨ 1917 ਦੇ ਅੰਤ ਵਿਚ ਖੇੜਾ ਜ਼ਿਲੇ ਵਿਚ ਸਾਰੀ ਫ਼ਸਲ ਤਬਾਹ ਹੋ ਗਈ। ਲੋਕਾਂ ਪਾਸ ਖਾਣ ਜੋਗਾ ਵੀ ਕੁਝ ਨਹੀਂ ਸੀ ਪਰ ਉਨ੍ਹਾਂ ਤੋਂ ਲਗਾਨ ਦੀ ਜ਼ਬਰੀ ਵਸੂਲੀ ਦਾ ਹੁਕਮ ਦੇ ਦਿੱਤਾ ਗਿਆ। ਲੋਕਾਂ ਨੇ ਬੜਾ ਵਾਵੇਲਾ ਮਚਾਇਆ। ਕੁਲੈਕਟਰ ਅਤੇ ਕਮਿਸ਼ਨਰ ਨੂੰ ਬੇਨਤੀ-ਪੱਤਰ ਘਲੇ ਗਏ, ਪਰ ਕੋਈ ਸੁਣਵਾਈ ਨਾ ਹੋਈ। ਜ਼ਬਰੀ ਲਗਾਨ ਵਸੂਲ ਹੋਣ ਲੱਗਾ। ਜਨਤਾ ਵਿਚ ਹਾਹਾਕਾਰ ਮਚ ਗਈ। ਗਾਂਧੀ ਜੀ ਇਸ ਔਖੀ-ਘੜੀ ਸਮੇਂ ਚੰਪਾਰਨ ਤੋਂ ਆ ਗਏ। ਉਨ੍ਹਾਂ ਖੇੜਾ ਜ਼ਿਲਾ ਵਿਚ ਡੇਰਾ ਲਗਾ ਦਿੱਤਾ' ਅਤੇ ਕਿਸਾਨਾਂ ਨੂੰ ਲਗਾਨ ਨਾ ਦੇਣ ਦੀ ਪ੍ਰੇਰਨਾ ਦਿਤੀ।

20 ਮਾਰਚ, 1918 ਨੂੰ ਇਕ ਭਾਰੀ ਸਭਾ ਵਿਚ ਗਾਂਧੀ ਜੀ ਨੇ ਖੇੜਾ ਚਲਣ ਦਾ ਐਲਾਨ ਕੀਤਾ। ਉੱਚੀ ਆਵਾਜ਼ ਵਿਚ ਉਨ੍ਹਾਂ ਪੁੱਛਿਆ, "ਇਸ ਅੰਦੋਲਨ ਵਿਚ ਹਿੱਸਾ ਲੈਣ

ਲਈ ਕੋਣ ਕੌਣ ਤਿਆਰ ਹੈ?" ਸਭ ਤੋਂ ਪਹਿਲਾਂ ਵਲਭ ਭਾਈ ਨੇ ਆਪਣਾ ਨਾਂ ਪੇਸ਼ ਕੀਤਾ। 22 ਮਾਰਚ 1918 ਨੂੰ ਖੇੜਾ ਜ਼ਿਲੇ ਦੇ ਕਿਸਾਨਾਂ ਦੀ ਇਕ ਕਾਨਫਰੰਸ ਨੜਿਆਦ ਵਿਚ ਬੁਲਾਈ ਗਈ। ਇਸ ਸਭਾ ਵਿਚ ਮਹਾਤਮਾ ਜੀ ਨੇ ਸਰਕਾਰ ਤੋਂ ਆਪਣੇ ਹੱਕ ਮਨਾਉਣ ਲਈ ਸਤਿਆਗ੍ਰਹਿ ਦੀ ਜੰਗ ਦਾ ਬਿਗਲ ਬਜਾ ਦਿੱਤਾ। ਇਸ ਅੰਦੋਲਨ ਵਿਚ ਵਲਭ ਭਾਈ ਤਨ ਮਨ ਤੇ ਧਨ ਦੀ ਕੁਰਬਾਨੀ ਦੇਣ ਲਈ ਕੁੱਦ ਪਏ। ਸਾਰਾ ਸਾਲ ਉਹ ਜ਼ਿਲੇ ਭਰ ਦੇ ਕਿਸਾਨਾਂ ਨੂੰ ਲਗਾਨ ਨਾ ਦੇਣ ਦੀ ਪ੍ਰੇਰਨਾ ਦਿੰਦੇ ਰਹੇ। ਅੰਤ ਸਭ ਕਿਸਾਨ ਇਕ ਮੁਠ ਹੋ ਕੇ ਸਰਕਾਰ ਤੋਂ ਆਪਣੀ ਜਾਇਜ਼ ਮੰਗ ਪੂਰੀ ਕਰਾਉਣ ਲਈ ਤਤਪਰ ਹੋ ਗਏ।

30 ਮਾਰਚ, 1918 ਨੂੰ ਖੇੜਾ ਜ਼ਿਲੇ ਦੇ ਕਿਸਾਨਾਂ ਦੀ ਇਕ ਸਭਾ ਨੜਿਆਦ ਵਿਚ ਹੋਈ। ਇਸ ਸਭਾ ਵਿਚ ਬੰਬਈ ਦੀ ਹੋਮਲੀਗ ਦੇ ਮੈਂਬਰ ਵੀ ਸ਼ਾਮਲ ਹੋਏ। ਸਭਾ ਵਿਚ ਵੱਲਭ ਭਾਈ' ਨੇ ਧੜੱਲੇਦਾਰ ਤਕਰੀਰ ਕਰਦਿਆਂ ਹੋਇਆ ਕਿਹਾ,

> "ਲਗਾਨ ਨਾ ਦੇਣ ਦੀ ਮੁਹਿੰਮ ਨਾਲ ਸਾਰੇ ਦੇਸ਼ ਵਿਚ ਅੱਗ ਲੱਗ ਜਾਵੇਗੀ। ਦੁਖ, ਕਸ਼ਟ ਤੇ ਤਕਲੀਫ਼ਾਂ ਸਹਿਣੀਆਂ ਪੈਣਗੀਆਂ। ਜੇ ਤੁਸੀਂ ਦ੍ਰਿੜ ਇਰਾਦੇ ਨਾਲ ਇਸ ਲਹਿਰ ਵਿਚ ਹਿੱਸਾ ਲਵੋਗੇ ਤਾਂ ਤੁਹਾਡੀ ਜਿੱਤ ਯਕੀਨੀ ਹੋਵੇਗੀ।"

'ਲਗਾਨ ਨਾ ਦੇਵੋ' ਦੀ ਲਹਿਰ ਦਿਨ ਬਦਿਨ ਜ਼ੋਰ ਪਕੜਦੀ ਜਾ ਰਹੀ ਸੀ। ਗਾਂਧੀ ਜੀ ਤੇ ਵਲਭ ਭਾਈ ਦਿਨ ਰਾਤ ਇਸ ਲਹਿਰ ਦੀ ਸਫਲਤਾ ਵਿਚ ਜੁਟੇ ਰਹਿੰਦੇ ਸਨ। ਵਲਭ ਭਾਈ ਦੀ ਬੇਗ਼ਰਜ਼ ਸੇਵਾ ਅਤੇ ਨਿਡਰਤਾ ਵੇਖ ਕੇ ਅਪਰੈਲ ਵਿਚ ਕਰਮਸਦ ਦੀ ਇਕ ਆਮ ਸਭਾ ਵਿਚ ਗਾਂਧੀ ਜੀ ਨੇ ਕਿਹਾ,

> "ਕਰਮਸਦ ਵਲਭ ਭਾਈ ਦਾ ਪਿੰਡ ਹੈ। ਵਲਭ ਭਾਈ ਹਾਲੀ ਇਸ ਮੁਹਿੰਮ ਦੀ ਅੱਗ ਨਾਲ ਘਿਰੇ ਹੋਏ ਹਨ। ਮੇਰਾ ਵਿਸ਼ਵਾਸ ਹੈ ਕਿ ਇਸ ਪਰਖ ਵਿਚੋਂ ਕੁੰਦਨ ਬਣ ਕੇ ਨਿਕਲਣਗੇ।"

ਅੰਤ 'ਲਗਾਨ ਨਾ ਦੇਵੋ' ਦੀ ਲਹਿਰ ਸਫਲ ਹੋਈ ਤੇ 29 ਜੂਨ ਨੂੰ ਨੜਿਆਦ ਦੇ ਆਮ ਜਲਸੇ ਵਿਚ ਗਾਂਧੀ ਜੀ ਨੇ ਕਿਹਾ, "ਜਰਨੈਲ ਦੀ ਸਿਆਣਪ ਤੇ ਹੀ ਕਿਸੇ ਅੰਦੋਲਨ ਦੀ ਸਫਲਤਾ ਨਿਰਭਰ ਕਰਦੀ ਹੈ। ਜੇ ਮੈਨੂੰ ਵਲਭ ਭਾਈ ਵਰਗਾ ਸਿਆਣਾ ਜਰਨੈਲ ਨਾ ਮਿਲਦਾ ਤਾਂ ਉਹ ਸਫਲਤਾ ਪ੍ਰਾਪਤ ਨਾ ਹੁੰਦੀ ਜੋ ਸਾਨੂੰ ਇਸ ਅੰਦੋਲਨ ਵਿਚ ਮਿਲੀ ਹੈ।"

ਪਹਿਲਾ ਵਿਸ਼ਵ ਯੁੱਧ ਛਿੜ ਚੁਕਿਆ ਸੀ। ਅੰਗਰੇਜ਼ ਇਸ ਸਮੇਂ ਭਾਰਤ ਦੀ ਸਹਾਇਤਾ ਦੇ ਇੱਛੁਕ ਸਨ। ਸੋ ਵਾਇਸਰਾਏ ਨੇ ਭਾਰਤੀ ਲੀਡਰਾਂ ਨਾਲ 29 ਅਪਰੈਲ, 1918 ਨੂੰ ਦਿੱਲੀ ਵਿਚ ਮੁਲਾਕਾਤ ਕੀਤੀ। ਗਾਂਧੀ ਜੀ ਵੀ ਉਨ੍ਹਾਂ ਵਿਚ ਸ਼ਾਮਲ ਸਨ।

ਵਾਇਸਰਾਏ ਦੀ ਬੇਨਤੀ ਤੇ ਗਾਂਧੀ ਜੀ ਨੇ ਸਹਾਇਤਾ ਦਾ ਵਚਨ ਦਿੱਤਾ। ਗਾਂਧੀ ਜੀ ਵਲਭ ਭਾਈ ਨੂੰ ਨਾਲ ਲੈ ਕੇ ਪਿੰਡ ਪਿੰਡ ਅੰਗਰੇਜ਼ਾਂ ਦੀ ਸਹਾਇਤਾ ਲਈ ਫਿਰੇ, ਪਰ ਖੇੜੇ ਜ਼ਿਲੇ ਵਿਚ ਸਰਕਾਰ ਵਲੋਂ ਲਗਾਨ ਦੀ ਵਸੂਲੀ ਲਈ ਢਾਹੇ ਗਏ ਜ਼ੁਲਮ ਕਾਰਣ ਬਹੁਤੀ ਸਫ਼ਲਤਾ ਨਾ ਹੋਈ। ਗਾਂਧੀ ਜੀ ਤੇ ਵਲਭ ਭਾਈ ਦੇ ਜ਼ਾਤੀ ਰਸੂਖ਼ ਕਾਰਣ ਕੇਵਲ 100 ਵਾਲੰਟੀਅਰ ਹੀ ਭਰਤੀ ਹੋ ਸਕੇ। ਗਾਂਧੀ ਜੀ ਨੇ ਇਨ੍ਹਾਂ ਸਹਾਇਕਾਂ ਦੀ ਇਕ ਕੰਪਨੀ ਬਣਾਈ ਜਿਸਦੇ ਅਫਸਰ ਉਹ ਆਪ ਬਣੇ। ਗਾਂਧੀ ਜੀ ਨੇ ਵਾਇਸਰਾਏ ਨੂੰ ਇਹ ਸਪਸ਼ਟ ਕਰ ਦਿੱਤਾ ਸੀ ਕਿ ਇਸ ਜਥੇ ਦੇ ਕਮਾਂਡਿੰਗ ਅਫ਼ਸਰ ਉਹ ਆਪ ਹੋਣਗੇ ਅਤੇ ਦੂਜੇ ਅਫ਼ਸਰ ਵਲਭ ਭਾਈ ਹੋਣਗੇ। ਇਹ ਜਥਾ ਫ਼ੌਜੀ ਵਰਦੀ ਜ਼ਰੂਰ ਪਹਿਨੇਗਾ ਪਰ ਹਥਿਆਰ ਨਹੀਂ ਰੱਖੇਗਾ ਤੇ ਇਸ ਦੀ ਡਿਊਟੀ ਜ਼ਖ਼ਮੀਆਂ ਦੀ ਸੇਵਾ ਹੋਵੇਗੀ। ਸੋ ਇਹ ਵਾਲੰਟੀਅਰ ਜੰਗ ਦੇ ਅੰਤ ਤਕ ਜ਼ਖ਼ਮੀਆਂ ਦੀ ਸੇਵਾ ਵਿਚ ਜੁਟੇ ਰਹੇ। ਜਦੋਂ 9 ਨਵੰਬਰ, 1918 ਨੂੰ ਜਰਮਨੀ ਨੇ ਹਥਿਆਰ ਸੁਟ ਦਿਤੇ, ਤਾਂ ਇਸ ਕੰਪਨੀ ਨੂੰ ਤੋੜ ਦਿੱਤਾ ਗਿਆ। ਇਸ ਤਰ੍ਹਾਂ ਇਹ ਦੋਵੇਂ ਨੇਤਾ ਇਸ ਫ਼ਰਜ਼ ਤੋਂ ਵਿਹਲੇ ਹੋਕੇ ਫੇਰ ਕੌਮੀ ਕੰਮਾਂ ਵਿਚ ਜੁਟ ਪਏ।

### ਕਾਲਾ ਕਾਨੂੰਨ

ਵਿਸ਼ਵ ਯੁੱਧ ਵਿਚ ਭਾਰਤੀਆਂ ਨੇ ਰੱਜ ਕੇ ਅੰਗਰੇਜ਼ਾਂ ਦੀ ਮਦਦ ਕੀਤੀ ਸੀ, ਹਜ਼ਾਰਾਂ ਭਾਰਤੀ ਫ਼ੌਜੀ ਇਸ ਜੰਗ ਦੀ ਭੇਟ ਹੋ ਗਏ। ਕਰੋੜਾਂ ਰੁਪਏ ਲੋਕਾਂ ਨੇ ਖ਼ਾਸ ਕਰ ਭਾਰਤੀ ਰਿਆਸਤਾਂ ਨੇ ਜੰਗ ਲਈ ਸਹਾਇਤਾ ਵਜੋਂ ਦਿਤੇ, ਪਰ ਜੰਗ ਮਗਰੋਂ ਮਿਲਿਆ ਕੀ? ਕਾਲਾ ਕਾਨੂੰਨ

ਦੇਸ਼ ਵਿਚ ਸੁਧਾਰ ਦੇ ਨਾਂ ਤੇ 'ਰੋਲਟ ਐਕਟ' ਬਣਾਇਆ ਗਿਆ। ਇਸ ਕਾਨੂੰਨ ਨੇ ਸਾਰੇ ਭਾਰਤ ਨੂੰ ਝੰਜੋੜ ਕੇ ਰੱਖ ਦਿੱਤਾ। ਮਹਾਤਮਾ ਗਾਂਧੀ ਜੀ ਨੇ ਇਸ ਵਿਰੁੱਧ ਫ਼ਰਵਰੀ, 1919 ਵਿਚ ਸਤਿਆਗ੍ਰਹਿ ਕਰਨ ਦਾ ਫੈਸਲਾ ਕੀਤਾ। ਗਾਂਧੀ ਜੀ ਦੀ ਪ੍ਰੇਰਨਾ ਤੇ ਸਾਰੇ ਦੇਸ਼ ਨੇ ਕਾਲੇ ਕਾਨੂੰਨ ਵਿਰੁੱਧ ਆਵਾਜ਼ ਉਠਾਈ। ਦੇਸ਼ ਦੇ ਵੱਡੇ ਵੱਡੇ ਸ਼ਹਿਰਾਂ ਬੰਬਈ, ਕਲਕਤਾ, ਦਿੱਲੀ ਆਦਿ ਵਿਚ ਹੜਤਾਲਾਂ ਹੋਈਆਂ। ਇਸੇ ਸਬੰਧ ਵਿਚ 6 ਅਪਰੈਲ, 1919 ਨੂੰ ਅਹਿਮਦਾਬਾਦ ਵਿਚ ਵੀ ਹੜਤਾਲ ਹੋਈ। ਵਲਭ ਭਾਈ ਦੀ ਅਗਵਾਈ ਹੇਠ ਬਹੁਤ ਵੱਡਾ ਜਲੂਸ ਕਢਿਆ ਗਿਆ। ਜਲੂਸ ਮਗਰੋਂ ਆਮ ਸਭਾ ਵਿਚ ਵਲਭ ਭਾਈ ਨੇ ਕੁਝ ਕਿਤਾਬਾਂ ਵੇਚੀਆਂ। ਇਹ ਉਹ ਅੰਗਰੇਜ਼ੀ ਕਿਤਾਬਾਂ ਸਨ, ਜੋ ਜ਼ਬਤ ਹੋ ਚੁਕੀਆਂ ਸਨ। ਇਸ ਤਰ੍ਹਾਂ ਉਨ੍ਹਾਂ ਸਰਕਾਰ ਦੇ ਕਾਨੂੰਨ ਨੂੰ ਤੋੜਿਆਂ। ਇਨ੍ਹਾਂ ਦਿਨਾਂ ਵਿਚ ਉਨ੍ਹਾਂ ਇਕ ਸਤਿਆਗ੍ਰਹਿ ਪਤਰੱਕਾ ਨਾਂ ਦਾ ਅਖ਼ਬਾਰ ਵੀ ਕਢਿਆ।

ਇਨ੍ਹੀਂ ਦਿਨੀਂ ਦਿੱਲੀ ਵਿਚ ਫ਼ਸਾਦ ਹੋ ਗਿਆ। ਮਹਾਤਮਾ ਜੀ ਦਿਲੀ ਜਾਂਦੇ ਹੋਏ ਰਾਹ ਵਿਚ ਹੀ ਗ੍ਰਿਫ਼ਤਾਰ ਕਰ ਲਏ ਗਏ। ਇਸ ਨਾਲ ਲੋਕੀ ਹੋਰ ਭੜਕ ਉਠੇ। ਕਈ ਸ਼ਹਿਰਾਂ ਵਿਚ ਲੋਕਾਂ ਨੇ ਥਾਣੇ ਸਾੜ ਸੁੱਟੇ। ਅਹਿਮਦਾਬਾਦ ਵਿਚ ਵੀ 10 ਅਪਰੈਲ ਨੂੰ ਹਾਲਾਤ ਖ਼ਰਾਬ ਹੋ ਗਏ। ਸਰਕਾਰੀ ਇਮਾਰਤਾਂ ਜਲਾ ਦਿਤੀਆਂ ਗਈਆਂ। ਅਹਿਮਦਾਬਾਦ ਵਿਖੇ 'ਮਾਰਸ਼ਲ ਲਾਅ' ਲਗਾ ਦਿੱਤਾ ਗਿਆ। ਵਲਭ ਭਾਈ ਦੇ ਮਕਾਨ ਤੇ ਪੁਲਿਸ ਬੈਠ ਗਈ ਅਤੇ ਉਨ੍ਹਾਂ ਦੇ ਕੰਮਾਂ ਵਿਚ ਵਿਘਨ ਪਾਉਣ ਲੱਗ ਪਈ। ਇਨ੍ਹਾਂ ਦਿਨਾਂ ਵਿਚ ਹੀ ਕੁਝ ਮਨਚਲੇ ਨੌਜੁਆਨਾਂ ਨੇ ਨੜਿਆਦ ਵਿਚ ਰੇਲਵੇ ਲਾਈਨ ਉਖਾੜ ਦਿਤੀ। ਉਸੇ ਸਬੰਧ ਵਿਚ ਕੁਝ ਨਿਰਦੋਸ਼ ਆਦਮੀ ਫੜੇ ਗਏ। ਵਲਭ ਭਾਈ ਨੇ ਉਨ੍ਹਾਂ ਨੂੰ ਬਚਾਉਣ ਲਈ ਮੁਕੱਦਮਾ ਲੜਿਆ ਤੇ ਅੰਤ ਉਨ੍ਹਾਂ ਨੂੰ ਸਾਫ਼ ਬਰੀ ਕਰਾ ਦਿੱਤਾ। ਵਲਭ ਭਾਈ ਦੇ ਜੀਵਨ ਵਿਚ ਇਹ ਆਖ਼ਰੀ ਮੁਕੱਦਮਾ ਸੀ, ਜਿਸ ਦੀ ਉਨ੍ਹਾਂ ਜ਼ੋਰਦਾਰ ਪੈਰਵੀ ਕੀਤੀ। ਇਸ ਮਗਰੋਂ ਉਨ੍ਹਾਂ ਦੇਸ਼ ਦੀ ਆਜ਼ਾਦੀ ਦੀ ਲਹਿਰ ਵਿਚ ਵਧ ਚੜ ਕੇ ਹਿੱਸਾ ਪਾਇਆ ਤੇ ਵਕਾਲਤ ਦੇ ਪੇਸ਼ੇ ਨੂੰ ਸਦਾ ਲਈ ਤਿਆਗ ਦਿੱਤਾ।

ਗ੍ਰਿਫ਼ਤਾਰੀ ਮਗਰੋਂ ਗਾਂਧੀ ਜੀ ਨੂੰ ਬੰਬਈ ਲਿਆ ਕੇ ਛੱਡ ਦਿੱਤਾ ਗਿਆ। ਪਰ ਹੁਣ ਤਕ ਲੋਕ ਕਾਫ਼ੀ ਭੜਕ ਉਠੇ ਸਨ। ਉਨ੍ਹਾਂ ਨੇ ਥਾਂ ਥਾਂ ਜਲਸੇ ਕੀਤੇ ਤੇ ਜਲੂਸ ਕੱਢੇ। ਪੰਜਾਬ ਵਿਚ ਇਹ ਅੱਗ ਜ਼ਿਆਦਾ ਭੜਕੀ। ਅੰਮ੍ਰਿਤਸਰ ਅਤੇ ਲਾਹੌਰ ਦੇ ਲੋਕਾਂ ਨੂੰ ਸਬਕ ਸਿਖਾਉਣ ਲਈ ਸਰਕਾਰ ਨੇ ਬੜੇ ਅਤਿਆਚਾਰ ਕੀਤੇ ਪਰ ਇਹ ਅੱਗ ਠੰਡੀ ਨਾ ਹੋਈ ਸਗੋਂ ਹੋਰ ਭੜਕ ਉਠੀ। ਪੰਜਾਬ ਦੇ ਦੋ ਲੀਡਰ ਡਾਕਟਰ ਕਿਚਲੂ ਤੇ ਡਾ. ਸਤਿਆਪਾਲ ਫੜ ਲਏ ਗਏ। ਲੋਕਾਂ ਨੇ ਸਰਕਾਰੀ ਬੈਂਕ ਲੁਟ ਲਏ। ਸਰਕਾਰੀ ਇਮਾਰਤਾਂ ਜਲਾ ਦਿੱਤੀਆਂ ਗਈਆਂ ਅਤੇ ਅੰਗਰੇਜ਼ਾਂ ਤੇ ਹਮਲੇ ਕਰਨੇ ਸ਼ੁਰੂ ਕਰ ਦਿੱਤੇ। ਅੰਮ੍ਰਿਤਸਰ ਦੇ ਜਲ੍ਹਿਆਂ ਵਾਲੇ ਬਾਗ਼ ਵਿਚ ਇਕ ਜਲਸਾ ਹੋ ਰਿਹਾ ਸੀ। ਫ਼ੌਜ ਨੇ ਜਲਸੇ ਵਿਚ ਬੈਠੇ ਨਿਰਦੋਸ਼ ਤੇ ਨਿਹੱਥੇ ਲੋਕਾਂ ਤੇ ਗੋਲੀ ਚਲਾ ਦਿੱਤੀ ਜਿਸ ਨਾਲ ਸੈਂਕੜੇ ਪੰਜਾਬੀ ਮਾਰੇ ਗਏ।

ਇਸ ਹੱਤਿਆ ਕਾਂਡ ਨਾਲ ਸਾਰੇ ਦੇਸ਼ ਦੀ ਆਤਮਾ ਕੁਰਲਾ ਉਠੀ। ਮਹਾਤਮਾ ਜੀ ਨੇ ਸਰਕਾਰ ਨਾਲ ਨਾ ਮਿਲਵਰਤਣ ਕਰਨ ਦਾ ਫ਼ੈਸਲਾ ਕੀਤਾ। ਵਿਸ਼ਵ-ਯੁੱਧ ਸਮੇਂ ਸਰਕਾਰ ਦੀ ਸਹਾਇਤਾ ਕਰਨ ਤੇ ਸਰਕਾਰ ਵੱਲੋਂ ਮਿਲੇ ਸਭ ਮੈਡਲ ਪਹਿਲੀ ਅਗਸਤ, 1919 ਨੂੰ ਉਨ੍ਹਾਂ ਵਾਇਸਰਾਏ ਨੂੰ ਵਾਪਸ ਕਰ ਦਿਤੇ। ਅਗਸਤ, 1920 ਵਿਚ ਗੁਜਰਾਤ ਵਿਚ ਰਾਜਸੀ ਕਾਨਫਰੰਸ ਦਾ ਵਿਸ਼ੇਸ਼ ਸੈਸ਼ਨ ਬੁਲਾਇਆ ਗਿਆ। ਉਸ ਵਿਚ ਵਲਭ ਭਾਈ ਨੇ ਸਰਕਾਰ ਨਾਲ ਨਾ-ਮਿਲਵਰਤਣ ਕਰਨ ਦਾ ਪ੍ਰਸਤਾਵ ਪੇਸ਼ ਕੀਤਾ, ਜੋ ਪਾਸ ਹੋ ਗਿਆ। ਸਤੰਬਰ, 1920 ਵਿਚ ਕਲਕੱਤੇ ਵਿਖੇ ਕਾਂਗਰਸ ਦਾ ਇਕ ਇਜਲਾਸ ਬੁਲਾਇਆ ਗਿਆ। ਇਸ ਦੀ ਪ੍ਰਧਾਨਗੀ ਲਾਲਾ ਲਾਜਪਤ ਰਾਏ ਨੇ ਕੀਤੀ। ਇਸ ਵਿਚ ਵੀ ਨਾ-ਮਿਲਵਰਤਣ ਦਾ ਮਤਾ ਪਾਸ

ਕੀਤਾ ਗਿਆ। ਸਰਕਾਰੀ ਨੌਕਰੀਆਂ, ਕਚਹਿਰੀਆਂ, ਸਕੂਲ, ਕਾਲਜ ਤੇ ਕੌਂਸਲਾਂ ਦੇ ਨਾਲ ਨਾਲ ਵਿਦੇਸ਼ੀ ਕਪੜਿਆਂ ਦਾ ਵੀ ਬਾਈਕਾਟ ਕੀਤਾ ਗਿਆ। ਦੇਸ਼ ਵਾਸੀਆਂ ਨੂੰ ਖੱਡੀਆਂ ਦੇ ਤਿਆਰ ਕੀਤੇ ਖਦਰ ਨੂੰ ਪਹਿਨਣ ਦੀ ਪ੍ਰੇਰਨਾ ਦਿਤੀ ਗਈ। ਉਸ ਸਮੇਂ ਕਈ ਕਾਂਗਰਸੀ ਲੀਡਰ ਵਿਰੁੱਧ ਸਨ। ਜਿਨ੍ਹਾਂ ਵਿਚੋਂ ਦੇਸ਼ ਬੰਧੂ ਦਾਸ, ਵਿਪਨ ਚੰਦਰ ਪਾਲ, ਮੋਹਨ ਮਾਲਵੀਆ ਤੇ ਸ਼੍ਰੀਮਤੀ ਬੇਸੰਤ ਆਦਿ ਪ੍ਰਸਿਧ ਹਨ। ਕਲਕੱਤੇ ਦੇ ਇਜਲਾਸ ਮਗਰੋਂ ਇਕ ਤਰ੍ਹਾਂ ਨਾਲ ਗਾਂਧੀ ਜੀ ਨੇ ਕਾਂਰਗਸ ਦੀ ਵਾਂਗ ਡੋਰ ਆਪਣੇ ਹੱਥ ਵਿਚ ਲੈ ਲਈ। ਇਸ ਤਰ੍ਹਾਂ ਅਗੋਂ ਅੰਗਰੇਜ਼ਾਂ ਨਾਲ ਸਾਰੀਆਂ ਟੱਕਰਾਂ ਗਾਂਧੀ ਜੀ ਦੀ ਅਗਵਾਈ ਹੇਠ ਲਈਆਂ ਗਈਆਂ।

ਇਸ ਤੋਂ ਮਗਰੋਂ ਨਾਗਪੁਰ ਵਿਚ ਹੋਏ ਕਾਂਗਰਸ ਸੈਸ਼ਨ ਵਿਚ ਸ਼ਾਂਤਮਈ ਢੰਗਾਂ ਨਾਲ ਸਵਰਾਜ ਪ੍ਰਾਪਤ ਕਰਨਾ ਤੇ ਦੇਸ਼ ਵਿਚ ਜਾਗ੍ਰਿਤੀ ਪੈਦਾ ਕਰਨੀ ਕਾਂਗਰਸ ਦਾ ਮੁਖ ਉਦੇਸ਼ ਨਿਸ਼ਚਿਤ ਕੀਤਾ ਗਿਆ। ਕਲਕਤਾ-ਕਾਂਗਰਸ ਸੈਸ਼ਨ ਵਿਚ ਗਾਂਧੀ ਜੀ ਨੇ ਐਲਾਨ ਕੀਤਾ ਸੀ ਕਿ ਜੇਕਰ ਹਿੰਦ ਵਾਸੀ ਉਪ੍ਰੋਕਤ ਪ੍ਰਸਤਾਵ ਤੇ ਅਮਲ ਕਰਦੇ ਰਹਿਣ, ਤਾਂ ਕੇਵਲ ਇਕ ਸਾਲ ਵਿਚ ਸਵਰਾਜ ਪ੍ਰਾਪਤ ਹੋ ਸਕਦਾ ਹੈ। ਸੋ ਸਾਰੇ ਦੇਸ਼ ਵਿਚ ਸਵਰਾਜ ਪ੍ਰਾਪਤੀ ਅਤੇ ਸਰਕਾਰ ਨਾਲ ਨਾ-ਮਿਲਵਰਤਣ ਦੇ ਨਾਹਰਿਆਂ ਨੇ ਖ਼ੂਬ ਜ਼ੋਰ ਫੜਿਆ। ਨਾਗਪੁਰ ਵਿਚ ਇਹ ਵੀ ਫ਼ੈਸਲਾ ਕੀਤਾ ਗਿਆ ਕਿ ਦੇਸ਼ ਵਿਚ ਜਾਗ੍ਰਿਤੀ ਲਿਆਉਣ ਅਤੇ ਆਜ਼ਾਦੀ ਦੀ ਲੜਾਈ ਜਾਰੀ ਰੱਖਣ ਲਈ ਇਕ ਸਾਲ ਦੇ ਅੰਦਰ ਅੰਦਰ ਇਕ ਕਰੋੜ ਰੁਪਿਆ ਜਮ੍ਹਾਂ ਕੀਤਾ ਜਾਵੇ। ਚਾਰ ਆਨੇ ਚੰਦਾ ਦੇਣ ਵਾਲੇ ਇਕ ਕਰੋੜ ਮੈਂਬਰ ਭਰਤੀ ਕੀਤੇ ਜਾਣ। ਵੀਹ ਲੱਖ ਚਰਖੇ ਤਿਆਰ ਕੀਤੇ ਜਾਣ, ਜਿਨ੍ਹਾਂ ਤੇ ਦੇਸ਼ ਵਾਸੀ ਕਤਾਈ ਕਰਕੇ ਖਦਰ ਤਿਆਰ ਕਰਨ। ਫ਼ੰਡ ਇਕਠਾ ਕਰਨ ਲਈ ਵੱਖ ਵੱਖ ਸੂਬਿਆਂ ਲਈ ਰਕਮਾਂ ਨਿਸ਼ਚਤ ਕੀਤੀਆਂ ਗਈਆਂ। ਸਤਿਆਗ੍ਰਹਿ ਦਾ ਮੁੱਢ ਗੁਜਰਾਤ ਵਿਚ ਬੰਨ੍ਹਿਆ ਗਿਆ ਸੀ ਇਸ ਲਈ ਗੁਜਰਾਤ ਅਤੇ ਕਾਠੀਆਵਾੜ ਦੇ ਹਿੱਸੇ 10 ਲੱਖ ਰੁਪਿਆ ਇਕੱਠਾ ਕਰਨਾ, ਤਿੰਨ ਲਖ ਮੈਂਬਰ ਬਣਾਉਣੇ ਤੇ ਇਕ ਲੱਖ ਚਰਖਿਆਂ ਦਾ ਪ੍ਰਬੰਧ ਕਰਨਾ ਆਇਆ।

ਵਲਭ ਭਾਈ ਨੇ ਗਾਂਧੀ ਜੀ ਨੂੰ ਯਕੀਨ ਦਿਵਾਇਆ ਕਿ ਜੋ ਫ਼ਰਜ਼ ਗੁਜਰਾਤ ਦੇ ਜ਼ਿੰਮੇ ਲਗਾਇਆ ਗਿਆ ਹੈ, ਉਹ ਜ਼ਰੂਰ ਪੂਰਾ ਕੀਤਾ ਜਾਵੇਗਾ। ਇਸ ਕਾਰਜ ਨੂੰ ਸੰਪਰਨ ਕਰਨ ਲਈ ਵਲਭ ਭਾਈ ਆਪਣੇ ਸਾਥੀਆਂ ਸਣੇ ਪਿੰਡ ਪਿੰਡ ਘੁੰਮੇ, ਤੇ ਉਨ੍ਹਾਂ ਨੇ ਦਸ ਲਖ ਦੀ ਥਾਂ ਪੰਦਰਾਂ ਲਖ ਰੁਪਿਆ ਇੱਕਠਾ ਕੀਤਾ।

ਸਾਰੇ ਦੇਸ਼ ਨੇ ਤੀਹ ਜੂਨ ਤੱਕ ਲੱਖਾਂ ਕਾਂਗਰਸ ਦੇ ਮੈਂਬਰ ਭਰਤੀ ਕੀਤੇ ਤੇ ਇਕ ਕਰੋੜ ਰੁਪਿਆ ਜਮ੍ਹਾਂ ਕਰ ਲਿਆ। ਹੁਣ ਤੀਹ ਸਤੰਬਰ ਤੋਂ ਪਹਿਲਾਂ ਵਿਦੇਸ਼ੀ ਕੱਪੜਿਆਂ ਦਾ ਮੁਕੰਮਲ ਬਾਈਕਾਟ ਆਰੰਭ ਕਰਨਾ ਸੀ। ਸੋ ਪਹਿਲੀ ਅਗਸਤ (ਲੋਕ ਮਾਨੀਯ ਤਿਲਕ ਦੀ

ਪਹਿਲੀ ਬਰਸੀ ਵਾਲੇ ਦਿਨ) ਸ਼ਹਿਰ ਸ਼ਹਿਰ, ਪਿੰਡ ਪਿੰਡ ਵਿਦੇਸ਼ੀ ਕਪੜਿਆਂ ਦੀ ਹੋਲੀ ਜਲਾਉਣ ਦਾ ਕੰਮ ਆਰੰਭ ਕਰ ਦਿੱਤਾ ਗਿਆ। ਦੇਸ਼ ਭਰ ਵਿਚ ਇਹ ਹੋਲੀ ਜਲਾਈ ਗਈ ਪਰ ਸਭ ਤੋਂ ਵੱਡੀ ਤੇ ਸ਼ਾਨਦਾਰ ਹੋਲੀ ਅਹਿਮਦਾਬਾਦ ਅਤੇ ਬੰਬਈ ਵਿਚ ਜਲਾਈ ਗਈ। ਵਲਭ ਭਾਈ ਨੇ ਆਪਣੇ ਸਾਥੀ ਵਕੀਲਾਂ ਦੇ ਚੋਗੇ, ਕਮੀਜ਼ਾਂ, ਪੈਂਟਾਂ, ਨਕਟਾਈਆਂ ਤੇ ਬੂਟ ਤੱਕ ਵੀ ਇਸ ਹੋਲੀ ਦੀ ਭੇਟ ਕਰ ਦਿਤੇ। ਲੋਕਾਂ ਵਿਚ ਬੜਾ ਜੋਸ਼ ਸੀ। ਰਾਹ ਜਾਂਦੇ ਲੋਕੀਂ ਹੋਲੀ ਸੜਦੀ ਵੇਖ ਖੜੋ ਜਾਂਦੇ, ਤੇ ਪਹਿਨੇ ਹੋਏ ਵਿਦੇਸ਼ੀ ਕੱਪੜੇ ਉਤਾਰ ਉਤਾਰ ਅਗਨੀ ਭੇਟ ਕਰੀ ਜਾਂਦੇ।

ਇਸ ਕੰਮੋਂ ਵਿਹਲੇ ਹੋਕੇ ਵਲਭ ਭਾਈ ਅਹਿਮਦਾਬਾਦ ਕੱਪੜਾ ਮੰਡੀ ਪਹੁੰਚੇ ਤੇ ਵਿਦੇਸ਼ੀ ਕਪੜਿਆਂ ਦੀਆਂ ਦੁਕਾਨਾਂ ਅੱਗੇ ਧਰਨਾ ਮਾਰ ਦਿੱਤਾ। ਇਸ ਕਾਰਜ ਵਿਚ ਇਸਤਰੀਆਂ ਨੇ ਵੀ ਵਧ ਚੜ੍ਹ ਕੇ ਹਿੱਸਾ ਲਿਆ। ਅਹਿਮਦਾਬਾਦ ਦੀ ਨਗਰਪਾਲਕਾ ਨੇ ਸਰਕਾਰ ਨਾਲ ਨਾ-ਮਿਲਵਰਤਣ ਦਾ ਮਤਾ ਪਾਸ ਕਰ ਦਿੱਤਾ। ਪਰੰਤੂ ਅਗਰੇਜ਼ੀ ਸਰਕਾਰ ਨੇ ਬਦਲੇ ਦੀ ਭਾਵਨਾ ਨਾਲ ਕਮੇਟੀ ਨੂੰ ਹੀ ਤੋੜਾ ਦਿੱਤਾ।

ਸਰਕਾਰ ਨੇ ਕਈ ਸ਼ਹਿਰਾਂ ਦੀਆਂ ਕਮੇਟੀਆਂ ਤੋੜ ਦਿਤੀਆਂ। ਇਨ੍ਹੀਂ ਦਿਨੀਂ ਵਲਭ ਭਾਈ ਨੇ ਨਾ-ਮਿਲਵਰਤਣ ਲਹਿਰ ਦੇ ਸੈਂਕੜੇ ਹਮਾਇਤੀਆਂ ਦੇ ਦਸਖਤਾਂ ਹੇਠ ਆਪਣੇ ਦੇਸ਼ ਵਾਸੀਆਂ ਦੇ ਨਾਂ ਇਕ ਅਪੀਲ ਜਾਰੀ ਕੀਤੀ :-

"ਸਰਕਾਰ ਦੀ ਦੇਸ਼ ਵਾਸੀਆਂ ਦੇ ਹੱਕਾਂ ਨੂੰ ਕੁਚਲਣ ਦੀ ਨੀਤੀ ਕਾਰਣ ਅਸੀਂ ਦੇਸ਼ ਵਾਸੀਆਂ ਅੱਗੇ ਅਪੀਲ ਕਰਦੇ ਹਾਂ ਕਿ ਸਭ ਸਰਕਾਰੀ ਮੁਲਾਜ਼ਮ ਨੌਕਰੀਆਂ ਤਿਆਗ ਕੇ ਦੇਸ਼ ਸੇਵਾ ਦੇ ਮੈਦਾਨ ਵਿਚ ਨਿਤਰ ਪੈਣ। ਉਹ ਪੇਟ ਪੂਰਤੀ ਲਈ ਕੋਈ ਵੀ ਕੰਮ ਕਰ ਸਕਦੇ ਹਨ ਪਰ ਸਰਕਾਰ ਦੀ ਨੌਕਰੀ ਨਾ ਕਰਨ।"

ਇਨ੍ਹੀ ਦਿਨੀਂ ਹੀ ਫ਼ੌਜ ਵਿਚ ਬਦ-ਅਮਨੀ ਫੈਲਾਉਣ ਦੇ ਦੋਸ਼ ਵਿਚ ਅਲੀ-ਭਰਾਵਾਂ ਤੇ ਮੁਕੱਦਮਾ ਚਲਾ ਕੇ ਉਨ੍ਹਾਂ ਨੂੰ ਸਜ਼ਾ ਦੇ ਦਿਤੀ ਗਈ। ਹੁਣ ਸਾਰੇ ਦੇਸ਼ ਵਿਚ ਜਾਗ੍ਰਿਤੀ ਆ ਗਈ ਸੀ। ਥਾਂ ਥਾਂ ਤੇ ਸਰਕਾਰ ਨਾਲ ਨਾ-ਮਿਲਵਰਤਣ ਕੀਤਾ ਜਾ ਰਿਹਾ ਸੀ। ਵਿਦੇਸ਼ੀ ਕੱਪੜਿਆਂ ਦਾ ਮੁਕੰਮਲ ਬਾਈਕਾਟ ਕਰ ਦਿਆ ਗਿਆ। ਬਹੁਤ ਸਾਰੀਆਂ ਥਾਵਾਂ ਤੇ ਵਲਾਇਤੀ ਕੱਪੜਿਆਂ ਦੀਆਂ ਹੋਲੀਆਂ ਖੇਡੀਆਂ ਗਈ। ਸੈਂਕੜੇ ਨਹੀ ਹਜ਼ਾਰਾਂ ਵਾਲੰਟੀਅਰ ਵਿਦੇਸ਼ੀ ਕੱਪੜੇ ਦੀਆਂ ਦੁਕਾਨਾਂ ਤੇ ਧਰਨਾ ਮਾਰਨ ਕਰਕੇ ਫੜ ਲਏ ਗਏ। ਇਸ ਕਾਰਣ ਵਾਇਸਰਾਏ ਤੋਂ ਲੈ ਕੇ ਆਮ ਅੰਗਰੇਜ਼ ਅਧਿਕਾਰੀ ਤਕ ਸਭ ਇਸ ਚਿੰਤਾ ਵਿਚ ਡੁਬ ਗਏ ਕਿ ਲੋਕਾਂ ਦੇ ਦਿਲਾਂ ਵਿਚ ਸਰਕਾਰ ਦਾ ਰੋਹਬ ਦਾ ਦਾਹਬ ਦਿਨ ਬਦਿਨ ਘਟਦਾ ਚਲਾ ਜਾ ਰਿਹਾ ਹੈ। ਸਰਕਾਰ ਨੇ ਮੌਜੂਦਾ ਹਾਲਤ ਤੇ ਕਾਬੂ ਪਾਉਣ ਦਾ ਬੜਾ ਯਤਨ ਕੀਤਾ ਪਰ ਸਫਲ ਨਾ ਹੋ ਸਕੀ।

### ਸ਼ਹਿਜ਼ਾਦੇ ਦੀ ਭਾਰਤ ਫੇਰੀ

ਅੰਤ ਵਾਇਸਰਾਏ ਨੂੰ ਇਕ ਤਜਵੀਜ਼ ਸੁਝੀ। ਉਸ ਨੇ ਵਲਾਇਤ ਤੋਂ ਸ਼ਹਿਜ਼ਾਦੇ ਨੂੰ ਭਾਰਤ ਬੁਲਾਉਣ ਲਈ ਬੇਨਤੀ-ਪੱਤਰ ਇੰਗਲੈਂਡ ਘਲਿਆ। ਉਸ ਦਾ ਖ਼ਿਆਲ ਸੀ ਕਿ ਭਾਰਤੀ ਲੋਕਾਂ ਵਿਚ ਰਾਜੇ ਰਾਣੀਆਂ ਪ੍ਰਤੀ ਬੜੀ ਸ਼ਰਧਾ ਹੈ। ਸ਼ਹਿਜ਼ਾਦੇ ਦੇ ਇਥੇ ਆਉਣ ਨਾਲ ਨਾ-ਮਿਲਵਰਤਣ ਦੀ ਲਹਿਰ ਠੰਡੀ ਪੈ ਜਾਵੇਗੀ। ਲੋਕਾਂ ਦਾ ਧਿਆਨ ਸ਼ਹਿਜ਼ਾਦੇ ਵੱਲ ਹੋ ਜਾਵੇਗਾ ਤੇ ਗਾਂਧੀ ਜੀ ਦੇ ਸੁਝਾਅਵਾਂ ਨੂੰ ਲੋਕੀਂ ਭੁਲ ਜਾਣਗੇ।

ਇਸ ਤਰ੍ਹਾਂ ਸ਼ਹਿਜ਼ਾਦੇ ਦੀ ਭਾਰਤ ਯਾਤਰਾ ਦਾ ਐਲਾਨ ਹੋ ਗਿਆ। ਪਰੰਤੂ ਮਹਾਤਮਾ ਜੀ ਨੇ ਬਿਆਨ ਦਿੱਤਾ ਕਿ ਸ਼ਹਿਜ਼ਾਦਾ, ਸਰਕਾਰ ਦਾ ਨੁਮਾਇੰਦਾ ਹੋਕੇ ਭਾਰਤ ਆ ਰਿਹਾ ਹੈ। ਇਸ ਸਮੇਂ ਦੇਸ਼ ਵਿਚ ਆਜ਼ਾਦੀ ਦੀ ਲੜਾਈ ਜਾਰੀ ਹੈ। ਇਸ ਲਈ ਸ਼ਹਿਜ਼ਾਦੇ ਨੂੰ ਇਸ ਸਮੇਂ ਇਥੇ ਨਹੀਂ ਆਉਣਾ ਚਾਹੀਦਾ।

ਗਾਂਧੀ ਜੀ ਦੇ ਇਸ ਬਿਆਨ ਦੀ ਕੋਈ ਪਰਵਾਹ ਨਾ ਕੀਤੀ ਗਈ ਤੇ ਸ਼ਹਿਜ਼ਾਦਾ ਆਪਣਾ ਲਾਉ-ਲਸ਼ਕਰ ਲੈਕੇ 17 ਨਵੰਬਰ ਨੂੰ ਬੰਬਈ ਆ ਉਤਰਿਆ। ਉਸ ਦਿਨ ਸਾਰੇ ਭਾਰਤ ਵਿਚ ਸ਼ੋਕ ਮਨਾਇਆ ਗਿਆ। ਬੜੀ ਭਾਰੀ ਹੜਤਾਲ ਹੋਈ। ਭਾਰਤ ਵਿਚ ਸ਼ਹਿਜ਼ਾਦੇ ਦੇ ਸਨਮਾਨ ਵਿਚ ਹੋਣ ਵਾਲੀਆਂ ਸਭ ਸਭਾਵਾਂ ਦਾ ਕਾਂਗਰਸ ਨੇ ਬਾਈਕਾਟ ਕਰ ਦਿੱਤਾ। ਸਰਕਾਰ ਦੇ ਉਕਸਾਉਣ ਤੇ ਕੁਝ ਝਗੜੇ ਫ਼ਸਾਦ ਵੀ ਹੋ ਗਏ ਜਿਨ੍ਹਾਂ ਕਾਰਣ ਗਾਂਧੀ ਜੀ ਨੂੰ ਬਹੁਤ ਦੁੱਖ ਹੋਇਆ। ਉਨ੍ਹਾਂ ਨੇ ਭੁੱਖ ਹੜਤਾਲ ਸ਼ੁਰੂ ਕਰ ਦਿਤੀ। ਉਨ੍ਹਾਂ ਦੀ ਭੁੱਖ ਹੜਤਾਲ ਨਾਲ ਦੇਸ਼ ਵਿਚ ਮੁੜ ਸ਼ਾਂਤੀ ਹੋ ਗਈ। ਉਨ੍ਹਾਂ ਨੇ 22 ਨਵੰਬਰ ਨੂੰ ਆਪਣਾ ਵਰਤ ਖੋਲ੍ਹ ਦਿੱਤਾ।

ਅਗਲੇ ਪ੍ਰੋਗਰਾਮ ਦਾ ਫੈਸਲਾ ਦਸਬੰਰ ਵਿਚ ਹੋਣ ਵਾਲੀ ਕਾਂਗਰਸ ਦੀ ਬੈਠਕ ਵਿਚ ਹੋਣਾ ਸੀ। ਇਸ ਸਮੇਂ ਕਾਂਗਰਸ ਨੇ ਇਕ ਵਾਲੰਟੀਅਰ ਦਲ ਤਿਆਰ ਕੀਤਾ ਜੋ ਲੋਕਾਂ ਨੂੰ ਆਜ਼ਾਦੀ ਦੀ ਲੜਾਈ ਲਈ ਤਿਆਰ ਕਰੇ ਤੇ ਉਨ੍ਹਾਂ ਨੂੰ ਜਥੇਬੰਦ ਕਰੇ। ਸਰਕਾਰ ਨੇ ਇਸ ਦਲ ਨੂੰ ਗੈਰ-ਕਾਨੂੰਨੀ ਕਰਾਰ ਦੇ ਦਿੱਤਾ, ਤੇ ਕਾਂਗਰਸ ਦੇ ਵੱਡੇ ਵੱਡੇ ਸਭ ਲੀਡਰਾਂ ਨੂੰ ਫੜ ਲਿਆ। ਉਨ੍ਹਾਂ ਵਿਚ ਦੇਸ਼ ਬੰਧੂ ਦਾਸ, ਪੰ: ਮੋਤੀ ਲਾਲ ਨਹਿਰੂ, ਲਾਲਾ ਲਾਜਪਤ ਰਾਏ, ਪ੍ਰਸ਼ੋਤਮ ਦਾਸ ਟੰਡਨ, ਮੌਲਾਨਾ ਆਜ਼ਾਦ, ਰਾਜ ਗੋਪਾਲ ਅਚਾਰੀਆ ਤੇ ਪੰਡਤ ਜਵਾਹਰ ਲਾਲ ਨਹਿਰੂ ਆਦਿ ਸ਼ਾਮਲ ਸਨ। ਇਸ ਦੇ ਨਾਲ ਹੀ ਹਜ਼ਾਰਾਂ ਦੇਸ਼ ਵਾਸੀਆਂ ਨੂੰ ਫੜਕੇ ਜੇਲ੍ਹ ਵਿਚ ਸੁਟ ਦਿੱਤਾ ਗਿਆ। ਸ਼ਹਿਜ਼ਾਦਾ ਜਿਥੇ ਵੀ ਜਾਂਦਾ ਸੀ ਲੋਕ ਸੜਕਾਂ ਦੇ ਦੋਹੀਂ ਪਾਸੀਂ ਖੜੋ ਕੇ ਕਾਲੀਆਂ ਝੰਡੀਆਂ ਨਾਲ ਉਸ ਦਾ ਸੁਆਗਤ ਕਰਦੇ। ਜਿਸ ਨਗਰ ਵਿਚ ਉਸ ਨੇ ਜਾਣਾ ਹੁੰਦਾ, ਉਸ ਨਗਰ ਵਿਚ ਸਭ ਤਰ੍ਹਾਂ ਦਾ ਕਾਰੋਬਾਰ ਠੱਪ ਹੋ ਜਾਂਦਾ। ਉਥੇ ਮੁਕੰਮਲ ਹੜਤਾਲ ਹੋ ਜਾਂਦੀ। ਲਾਹੌਰ, ਕਲੱਕਤਾ, ਦਿੱਲੀ, ਪਟਨਾ, ਅਲਾਹਬਾਦ ਆਦਿ ਭਾਰਤ ਦੇ ਸਭ ਵੱਡੇ ਵੱਡੇ ਸ਼ਹਿਰਾਂ ਵਿਚ ਸ਼ਹਿਜ਼ਾਦੇ ਦਾ ਮੁਕੰਮਲ ਬਾਈਕਾਟ ਕੀਤਾ ਗਿਆ।

ਦਸੰਬਰ, 1921 ਵਿਚ ਕਾਂਗਰਸ ਦਾ ਸਾਲਾਨਾ ਸਮਾਗਮ ਅਹਿਮਦਾਬਾਦ ਵਿਚ ਹੋ ਰਿਹਾ ਸੀ। ਇਸ ਸਮਾਗਮ ਦੇ ਪ੍ਰਧਾਨ ਦੇਸ਼-ਬੰਧੂ ਦਾਸ ਸਨ। ਉਹ ਪਹਿਲਾਂ ਹੀ ਫੜ ਲਏ ਗਏ। ਨਵੇਂ ਪ੍ਰਧਾਨ ਹਕੀਮ ਅਜਮਲ ਖ਼ਾਂ ਅਹਿਮਦਾਬਾਦ ਪਹੁੰਚੇ। ਵਲਭ ਭਾਈ ਨੇ ਇਸ ਸਮਾਗਮ ਦੀ ਤਿਆਰੀ ਬੜੀ ਧੂਮ ਧਾਮ ਨਾਲ ਕੀਤੀ। ਉਹ ਆਪ ਸੁਆਗਤੀ ਕਮੇਟੀ ਦੇ ਪ੍ਰਧਾਨ ਸਨ। ਦੇਸ਼ ਬੰਧੂ ਦਾਸ ਨੇ ਆਪਣਾ ਐਡਰੈਸ ਘਲ ਦਿੱਤਾ ਜੋ ਕਾਂਨਫ਼ਰੰਸ ਵਿਚ ਪੜ੍ਹਿਆ ਗਿਆ। ਵਲਭ ਭਾਈ ਨੇ ਆਪਣੇ ਸੁਆਗਤੀ ਐਡਰੈਸ ਵਿਚ ਕਿਹਾ:

"ਅਸੀਂ ਇਸ ਇਤਿਹਾਸਕ ਸਮਾਗਮ ਲਈ ਪੂਰੀਆਂ ਤਿਆਰੀਆਂ ਕੀਤੀਆਂ ਹੋਈਆਂ ਸਨ। ਸਾਨੂੰ ਅਫ਼ਸੋਸ ਹੈ ਕਿ ਸਰਕਾਰ ਦੀ ਕੁਟਲ ਨੀਤੀ ਕਾਰਣ ਸਾਡੇ ਬਹੁਤ ਸਾਰੇ ਨੇਤਾ ਜੇਲ੍ਹਾਂ ਵਿਚ ਬੰਦ ਹਨ। ਸਰਕਾਰ ਨੇ ਪੰਜਾਬ ਵਿਚ ਕਤਲੇ-ਆਮ ਕੀਤੀ। ਉਸ ਨੇ ਮੁਸਲਿਮ ਭਰਾਵਾਂ ਨਾਲ ਬੜੀ ਬਦ-ਸਲੂਕੀ ਕੀਤੀ। ਅਸੀਂ ਹਾਲਾਂ ਉਨ੍ਹਾਂ ਜ਼ਖ਼ਮਾਂ ਨੂੰ ਭੁਲੇ ਨਹੀਂ, ਕਿ ਸਰਕਾਰ ਨੇ ਹੋਰ ਤੇਜ਼ੀ ਨਾਲ ਜ਼ੁਲਮ ਦੀ ਚੱਕੀ ਚਲਾਉਣੀ ਸ਼ੁਰੂ ਕਰ ਦਿਤੀ ਹੈ। ਲੋਕਾਂ ਦੇ ਘਰਾਂ ਦੀਆਂ ਤਲਾਸ਼ੀਆਂ ਕੀਤੀਆਂ ਗਈਆਂ। ਕਾਂਗਰਸ ਦੇ ਦਫ਼ਤਰਾਂ, ਘਰਾਂ ਤੇ ਸਕੂਲਾਂ ਦੇ ਤਾਲੇ ਤੋੜਕੇ ਜ਼ਬਰਦਸ਼ਤੀ ਕਬਜ਼ੇ ਕੀਤੇ ਗਏ। ਲੋਕਾਂ ਨੂੰ ਕੈਦਾਂ ਅਤੇ ਜੁਰਮਾਨੇ ਦੀਆਂ ਸਜ਼ਾਵਾਂ ਦਿਤੀਆਂ। ਇਹੋ ਜਿਹੀਆਂ ਘਟਨਾਵਾਂ ਸਾਨੂੰ ਸਵਰਾਜ ਦੇ ਨੇੜੇ ਲਿਆਉਣਗੀਆਂ।"

ਇਸ ਸਮਾਗਮ ਵਿਚ ਮਹਾਤਮਾ ਗਾਂਧੀ ਜੀ ਨੇ ਇਕ ਮਤਾ ਪੇਸ਼ ਕੀਤਾ ਜਿਸ ਦੀ ਤਾਈਦ ਵਲਭ ਭਾਈ ਨੇ ਇਸ ਤਰ੍ਹਾਂ ਕੀਤੀ :

"ਸਭ ਤਰ੍ਹਾਂ ਦੇ ਸ਼ਾਂਤਮਈ ਢੰਗ ਅਜ਼ਮਾਉਣ ਮਗਰੋਂ ਅਤਿਆਚਾਰ ਦੇ ਵਿਰੁੱਧ ਕਾਨੂੰਨ ਤੋੜਨਾ ਹੀ ਇਕੋ ਇਕ ਉਪਾ ਹੈ। ਇਸ ਲਈ ਮੌਜੂਦਾ ਸਰਕਾਰ ਨੂੰ ਗਦੀਉਂ ਲਾਹੁਣ ਲਈ ਇੱਕਲੇ ਇੱਕਲੇ ਬੰਦੇ ਨੂੰ ਜਾਂ ਜਿਥੇ ਪੂਰੀ ਤਿਆਰੀ ਹੋਵੇ, ਉਥੇ ਜਥੇਬੰਦ ਹੋ ਕੇ ਸਕਰਾਰ ਨਾਲ ਟੱਕਰ ਲੈਣੀ ਜ਼ਰੂਰੀ ਹੈ। ਇਸ ਔਖੀ ਘੜੀ ਵਿਚ ਦੇਸ਼ ਦੀ ਵਾਗਡੋਰ ਗਾਂਧੀ ਜੀ ਨੂੰ ਸੌਂਪੀ ਗਈ ਹੈ। ਉਹ ਸਮੇਂ ਸਮੇਂ ਲੋੜ ਅਨੁਸਾਰ ਭਾਰਤ ਵਾਸੀਆਂ ਦੀ ਅਗਵਾਈ ਕਰਦੇ ਰਹਿਣਗੇ।"

ਗਾਂਧੀ ਜੀ ਨੇ ਕਿਹਾ, "ਅਸੀਂ ਲੜਾਈ ਨਹੀਂ ਲੜਨਾ ਚਾਹੁੰਦੇ। ਪਰ ਜੋ ਹਾਲਾਤ ਸਰਕਾਰ ਨੇ ਪੈਦਾ ਕੀਤੇ ਹਨ ਉਨ੍ਹਾਂ ਕਰਕੇ ਅਸੀਂ ਉਸ ਨਾਲ ਟੱਕਰ ਲੈਣ ਨੂੰ ਤਿਆਰ ਹਾਂ। ਜੋ ਸਰਕਾਰ ਆਪਣੀ ਰਖਿਆ ਹਿਤ ਬੋਲਣ ਅਤੇ ਜਥੇਬੰਦ ਹੋਣ ਦੇ ਹੱਕ ਨੂੰ ਕੁਚਲ ਦੇਣਾ ਚਾਹੁੰਦੀ ਹੈ, ਉਸ ਨੂੰ ਮੈਂ ਬੜੇ ਨਰਮ ਪਰ ਸਪੱਸ਼ਟ ਸ਼ਬਦਾਂ ਵਿਚ ਚੁਨੌਤੀ ਦੇਣਾ ਚਾਹੁੰਦਾ ਹਾਂ। ਦੇਸ਼ ਹਿਤ ਲੜਦਿਆਂ ਹੋਇਆ ਜਦ ਤੱਕ ਇਕ ਵੀ ਭਾਰਤੀ ਨਰ ਨਾਰੀ ਜੀਉਂਦਾ ਹੈ, ਉਹ ਅੰਤਲੇ ਸੁਆਸਾਂ ਤੱਕ ਲੜਦਾ ਰਹੇਗਾ।"

ਉਨ੍ਹਾਂ ਫਿਰ ਕਿਹਾ, "ਮੇਰੇ ਲਈ ਸਮਝੌਤਾ ਸਭ ਤੋਂ ਉਤਮ ਚੀਜ਼ ਹੈ, ਪਰ ਮੈਂ ਆਪਣੇ ਦੇਸ਼ ਦੀ ਇਜ਼ਤ ਗੁਆ ਕੇ ਸਮਝੌਤਾ ਕਰਨ ਦੇ ਹੱਕ ਵਿਚ ਨਹੀਂ। ਮੈਂ ਹਰ ਭਾਰਤੀ ਲਈ ਪੂਰਣ ਆਜ਼ਾਦੀ ਦਾ ਇੱਛਕ ਹਾਂ।"

**ਬਾਰਦੌਲੀ ਸਤਿਆਗ੍ਰਹਿ**

ਅਹਿਮਦਾਬਾਦ ਦੇ ਇਸ ਸਮਾਗਮ ਵਿਚ ਹੀ ਬਾਰਦੌਲੀ ਦਾ ਇਲਾਕਾ ਸਤਿਆਗ੍ਰਹਿ ਲਈ ਚੁਣਿਆ ਗਿਆ। ਸਮਾਗਮ ਦੇ ਖ਼ਤਮ ਹੁੰਦਿਆਂ ਹੀ ਨਵੇਂ ਸਤਿਆਗ੍ਰਹਿ ਦੀਆਂ ਤਿਆਰੀਆਂ ਅਰੰਭ ਦਿਤੀਆਂ ਗਈਆਂ। ਪਹਿਲੀ ਫ਼ਰਵਰੀ, 1922 ਨੂੰ ਮਹਾਤਮਾਂ ਗਾਂਧੀ ਨੇ ਵਾਇਸਰਾਏ ਨੂੰ ਇਕ ਚਿਠੀ ਲਿਖੀ ਜਿਸ ਵਿਚ ਉਨ੍ਹਾਂ ਐਲਾਨ ਕੀਤਾ ਕਿ ਬਾਰਦੌਲੀ ਵਿਚ ਟੈਕਸ ਨਾ ਦੇਣ ਦਾ ਅੰਦੋਲਨ ਸ਼ੁਰੂ ਕੀਤਾ ਜਾ ਰਿਹਾ ਹੈ। ਇਸ ਅੰਦੋਲਨ ਤੋਂ ਇਕ ਹਫ਼ਤੇ ਮਗਰੋਂ ਇਕ ਭਿਆਨਕ ਘਟਨਾ ਵਾਪਰ ਗਈ। ਅੱਠ ਫਰਵਰੀ ਨੂੰ ਚੌਰਾ ਚੌਰੀ ਵਿਖੇ ਕਾਂਗਰਸ ਦੇ ਇਕ ਜਲੂਸ ਵਿਚ ਲੋਕਾਂ ਨੇ ਇਕ ਥਾਂਣੇ ਨੂੰ ਅਗ ਲਗਾ ਦਿੱਤੀ ਜਿਸ ਵਿਚ ਇਕ ਥਾਣੇਦਾਰ ਅਤੇ 21 ਸਪਾਹੀਆਂ ਨੂੰ ਜਿਉਂਦੇ ਸਾੜ ਦਿੱਤਾ ਗਿਆ।

ਇਸ ਖ਼ਬਰ ਨੂੰ ਸੁਣ ਕੇ ਮਹਾਤਮਾ ਜੀ ਬਹੁਤ ਦੁਖੀ ਹੋਏ। ਜਦ ਪ੍ਰਿੰਸ ਆਫ਼ ਵੇਲਜ਼ ਭਾਰਤ ਆਇਆ ਸੀ ਤਾਂ ਵੀ ਲੋਕੀ ਮਦਰਾਸ ਤੇ ਬੰਬਈ ਵਿਚ ਪੁਲਿਸ ਤੇ ਟੁੱਟ ਪੈਂਦੇ ਰਹੇ। ਇਹ ਸਤਿਆਗ੍ਰਹਿ ਦੇ ਅਸੂਲਾਂ ਦੀ ਭਾਰੀ ਉਲੰਘਣਾ ਸੀ। ਇਸ ਸਮੇਂ ਸਾਰਾ ਦੇਸ਼ ਅਗਰੇਜ਼ਾਂ ਨਾਲ ਲੋਹਾ ਲੈ ਰਿਹਾ ਸੀ। ਬੱਚਾ ਬੱਚਾ ਦੇਸ਼ ਲਈ ਵੱਡੀ ਤੋਂ ਵੱਡੀ ਕੁਰਬਾਨੀ ਕਰਨ ਨੂੰ ਤਿਆਰ ਸੀ, ਪਰ ਉਪਰੋਕਤ ਘਟਨਾਵਾਂ ਦੀ ਰੋਸ਼ਨੀ ਵਿਚ ਇਕ ਦਮ ਮਹਾਤਮਾ ਜੀ ਨੇ ਅੰਦੋਲਨ ਬੰਦ ਕਰ ਦਿੱਤਾ। ਮਹਾਤਮਾ ਜੀ ਦਾ ਵਿਚਾਰ ਸੀ ਕਿ ਇੰਨੀਂ ਵੱਡੀ ਸਰਕਾਰ ਨਾਲ ਟੱਕਰ ਲੈਣ ਲਈ ਦੇਸ਼ ਨੂੰ ਪੂਰੀ ਤਰ੍ਹਾਂ ਜਥੇਬੰਦ ਹੋਣਾ ਚਾਹੀਦਾ ਹੈ ਤੇ ਉਸ ਨੂੰ ਸਤਿਆਗ੍ਰਹਿ ਤੋਂ ਬਿਨਾਂ ਹੋਰ ਢੰਗ ਨਹੀਂ ਅਪਣਾਉਣੇ ਚਾਹੀਦੇ।

ਮਹਾਤਮਾ ਜੀ ਦੇ ਸਤਿਆਗ੍ਰਹਿ ਬੰਦ ਕਰ ਦੇਣ ਨਾਲ ਦੇਸ਼ ਦੇ ਵੱਡੇ ਵੱਡੇ ਲੀਡਰਾਂ ਨੂੰ ਬਹੁਤ ਨਿਰਾਸਤਾ ਹੋਈ। ਉਹ ਨਹੀਂ ਸਨ ਚਾਹੁੰਦੇ, ਕਿ ਸਰਕਾਰ ਜਦ ਔਕੜਾਂ ਵਿਚ ਫਸੀ ਹੋਵੇ, ਇਨ੍ਹਾਂ ਇਕੜ ਦੁਕੜ ਘਟਨਾਵਾਂ ਕਾਰਣ ਆਜ਼ਾਦੀ ਦੀ ਲੜਾਈ ਨੂੰ ਅੱਗੇ ਪਾ ਦਿੱਤਾ ਜਾਵੇ। ਪੰ: ਮੋਤੀ ਲਾਲ ਨਹਿਰੂ ਤੇ ਲਾਜਪਤ ਰਾਏ ਆਦਿ ਲੀਡਰਾਂ ਨੇ ਜੇਲ੍ਹ ਚੋਂ ਮੋਰਚਾ ਬੰਦ ਕਰਨ ਦਾ ਵਿਰੋਧ ਕੀਤਾ। ਵਲਭ ਭਾਈ ਦੇ ਵੱਡੇ ਵੀਰ ਵਿਠਲ ਭਾਈ ਜੋ ਬਾਰਦੌਲੀ ਸਤਿਆਗ੍ਰਹਿ ਵਿਚ ਸਭ ਤੋਂ ਅੱਗੇ ਸਨ, ਗਾਂਧੀ ਜੀ ਦੇ ਇਸ ਫ਼ੈਸਲੇ ਨਾਲ ਸਹਿਮਤ ਨਹੀਂ ਸਨ। ਵੱਡੇ ਲੀਡਰਾਂ ਵਿਚੋਂ ਕੇਵਲ ਵਲਭ ਭਾਈ ਅਤੇ ਰਾਜਿੰਦਰ ਪਰਸ਼ਾਦ ਹੀ ਅਜਿਹੇ ਸਨ, ਜੋ ਗਾਂਧੀ ਜੀ ਦੇ ਹਰ ਫ਼ੈਸਲੇ ਅੱਗੇ ਸਿਰ ਨਿਵਾਂਉਦੇ ਸਨ। ਗਾਂਧੀ ਜੀ ਦੇ ਇਸ ਐਲਾਨ ਨਾਲ ਦੇਸ਼ ਭਰ ਦੇ ਲੀਡਰਾਂ ਅਤੇ ਜਨਤਾ ਵਿਚ ਨਿਰਾਸਤਾ ਫੈਲ ਗਈ। ਸਰਕਾਰ ਜੋ ਕੁੜਕੀ ਵਿਚ ਫਸੀ

ਹੋਈ ਸੀ, ਉਸ ਦਾ ਸਾਹ ਵਿਚ ਸਾਹ ਆਇਆ। ਹੁਣ ਸਰਕਾਰ ਵਿਚ ਮੁੜ ਜਾਨ ਪੈ ਗਈ। ਮਹਾਤਮਾ ਜੀ ਦੀ ਸਚਾਈ ਅਤੇ ਨਰਮੀ ਤੋਂ ਸਰਕਾਰ ਨੇ ਪੂਰਾ ਪੂਰਾ ਲਾਭ ਉਠਾਇਆ। ਉਨ੍ਹੀਂ ਦਿਨੀਂ ਇੰਗਲੈਂਡ ਵਿਚ ਹੋ ਰਹੇ ਪਾਰਲੀਮੈਂਟ ਦੇ ਇਜਲਾਸ ਵਿਚ ਲਾਰਡ ਬ੍ਰਕਨਹੈਡ ਨੇ ਬੜੇ ਜੋਸ਼ ਨਾਲ ਨਾਲ ਬੋਲਦਿਆ ਕਿਹਾ :

"ਅੰਗਰੇਜ਼ ਕੌਮ ਹਾਲੀਂ ਬੜੀ ਮਜ਼ਬੂਤ ਹੈ। ਭਾਰਤੀਆਂ ਨੂੰ ਯਾਦ ਰਖਣਾ ਚਾਹੀਦਾ ਹੈ। ਕਿ ਉਸ ਦੇ ਹੱਥ ਪੈਰ ਹਾਲੀ ਸਾਬਤ ਹਨ।"

ਮਾਂਟੇਗੋ, ਜੋ ਭਾਰਤ ਨੂੰ ਛੇਤੀ ਹੀ ਜ਼ਿੰਮੇਵਾਰ ਹਕੂਮਤ ਦੇਣ ਦੀਆਂ ਗੱਲਾਂ ਕਰਦਾ ਸੀ ਨੇ ਵੀ ਐਲਾਨ ਕਰ ਦਿੱਤਾ ਕਿ:-

"ਜੋ ਲੋਕ ਸਾਡੀ ਸਰਕਾਰ ਵਿਰੁੱਧ ਉਠਣਗੇ ਤੇ ਸਾਨੂੰ ਆਪਣੀ ਜ਼ਿੰਮੇਵਾਰੀ ਪੂਰੀ ਕਰਨ ਤੋਂ ਰੋਕਣ ਲਈ ਸਾਹਮਣੇ ਆਉਣਗੇ, ਉਹ ਧੋਖਾ ਖਾਣਗੇ। ਜੇ ਉਹ ਇਸ ਭਰਮ ਵਿਚ ਹਨ, ਕਿ ਅਸੀਂ ਉਨ੍ਹਾਂ ਦੇ ਕਹਿਣ ਤੇ ਹਿੰਦੁਸਤਾਨ ਛੱਡ ਜਾਵਾਂਗੇ ਤਾਂ ਉਹ ਭੁਲੇਖਾ ਦੂਰ ਕਰ ਲੈਣ। ਉਹ ਲੋਕ ਦੁਨੀਆਂ ਦੀ ਸਭ ਤੋਂ ਵਡੀ ਹਕੂਮਤ ਨਾਲ ਮੱਥਾ ਲਾ ਕੇ ਆਪ ਹਾਨੀ ਉਠਾਉਣਗੇ ਉਨ੍ਹਾਂ ਨੂੰ ਸਿਧੇ ਰਾਹ ਪਾਉਣ ਲਈ ਅੰਗਰੇਜ਼ੀ ਸਰਕਾਰ ਕਾਫ਼ੀ ਮਜ਼ਬੂਤ ਹੈ, ਜੋ ਸਮਾਂ ਆਉਣ ਤੇ ਲੋਕੀਂ ਖ਼ੁਦ ਹੀ ਵੇਖ ਲੈਣਗੇ।"

### ਗਾਂਧੀ ਜੀ ਦੀ ਗ੍ਰਿਫ਼ਤਾਰੀ

ਇਸ ਵੰਗਾਰ ਦਾ ਗਾਂਧੀ ਜੀ ਨੇ 'ਯੰਗ ਇੰਡੀਆ' ਵਿਚ ਇਸ ਪ੍ਰਕਾਰ ਉਤਰ ਦਿੱਤਾ :

"ਲਾਰਡ ਬ੍ਰਕਨ-ਹੈਡ ਤੇ ਮਾਂਟਗੋ ਨੂੰ ਇਹ ਪਤਾ ਨਹੀਂ, ਕਿ ਉਹ ਸਮੁੰਦਰ ਪਾਰੋਂ ਜਿੰਨੇ ਵੀ ਸਾਬਤ 'ਹੱਥ ਪੈਰ ਇਥੇ ਲਿਆ ਸਕਦੇ ਹਨ, ਉਨ੍ਹਾਂ ਸਭ ਦਾ ਮੁਕਾਬਲਾ ਕਰਨ ਲਈ ਹਾਲੀਂ ਵੀ ਜਨਤਾ ਤਿਆਰ ਹੈ। ਭਾਰਤ ਦੀ ਜਨਤਾ ਅੰਗਰੇਜ਼ ਕੌਮ ਨੂੰ ਅੱਜ ਨਹੀਂ ਸਗੋ ਸੰਨ 1920 ਦੇ ਕਲਕੱਤਾ ਸਮਾਗਮ ਸਮੇਂ ਚਨੌਤੀ ਦੇ ਚੁੱਕੀ ਹੈ। ਜਨਤਾ, ਜਲ੍ਹਿਆਂ ਵਾਲੇ ਬਾਗ਼ ਬਾਰੇ ਪੂਰੀ ਪੜਤਾਲ ਚਾਹੁੰਦੀ ਹੈ, ਤੇ ਸਰਕਾਰ ਦੇਸ਼ ਵਾਸੀਆਂ ਦੀਆਂ ਮੰਗਾਂ ਪੂਰੀਆਂ ਕੀਤੇ ਬਿਨਾਂ ਆਰਾਮ ਨਾਲ ਨਹੀਂ ਬੈਠ ਸਕੇਗੀ। ਜੇ ਅੰਗਰੇਜ਼ ਸਰਕਾਰ ਸ਼ਰੀਫ਼ ਆਦਮੀਆਂ ਵਾਂਗ ਸਾਨੂੰ ਬਰਾਬਰੀ ਦੇ ਹੱਕ ਦੇਣ ਨੂੰ ਤਿਆਰ ਨਹੀਂ ਹੋਵੇਗੀ, ਤਾਂ ਦੁਨੀਆਂ ਦੀ ਸਭ ਤੋਂ ਵੱਡੀ ਤਾਕਤ,ਤੇ ਉਸਦੇ ਸਭ ਸਾਬਤ ਹੱਥ ਪੈਰ, ਭਾਰਤ ਦੇ ਦ੍ਰਿੜ ਇਰਾਦੇ ਨੂੰ ਮਿਟਾਉਣ ਵਿਚ ਅਸਫ਼ਲ ਰਹਿਣਗੇ। ਜੇ ਇਸ ਅੰਦੋਲਨ ਵਿਚ ਚੌਰਾ ਚੌਰੀ ਦੀ ਘਟਨਾ ਰੁਕਾਵਟ ਨਾ ਪਾਉਂਦੀ ਤਾਂ ਅੰਗਰੇਜ਼ੀ ਸ਼ੇਰ ਵੇਖ ਲੈਂਦਾ ਕਿ ਉਸ ਸਾਹਮਣੇ ਹਿੰਦੁਸਤਾਨ, ਕਿੰਨੇ ਤਾਜ਼ਾ ਤੇ ਸ਼ੁਧ ਸ਼ਿਕਾਰਾਂ ਦਾ ਢੇਰ ਲਗਾ ਸਕਦਾ ਹੈ ਪਰ

ਭਗਵਾਨ ਨੂੰ ਇਹ ਮਨਜ਼ੂਰ ਨਹੀਂ ਸੀ। ਅੰਗਰੇਜ਼ਾਂ ਦੇ ਹਥੋਂ ਉਹ ਸੁਨਹਿਰੀ ਸਮਾਂ ਖੋਹ ਨਹੀਂ ਲਿਆ ਗਿਆ, ਡਾਊਨਿੰਗ ਸਟਰੀਟ ਅਤੇ ਵਾਈਟ ਹਾਲ ਦੇ ਅਧਿਕਾਰੀਆਂ ਨੂੰ ਨਿਰਾਸ ਹੋਣ ਦੀ ਲੋੜ ਨਹੀਂ। ਉਨ੍ਹਾਂ ਲਈ ਆਪਣੀ ਤਾਕਤ ਅਜ਼ਮਾਉਣ ਦਾ ਰਾਹ ਖੁਲ੍ਹਾ ਹੈ।"

ਗਾਂਧੀ ਜੀ ਦੀ ਇਸ ਸਾਫ਼ ਬਿਆਨੀ ਮਗਰੋਂ 18 ਮਾਰਚ, 1922 ਨੂੰ ਸਾਬਰ-ਮਤੀ ਆਸ਼ਰਮ ਵਿਚੋਂ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਨ੍ਹਾਂ ਨੂੰ ਆਪਣੇ ਅਖ਼ਬਾਰ ਵਿਚ ਉਪਰੋਕਤ ਨੋਟ ਛਪਣ ਦੇ ਦੋਸ਼ ਵਿਚ ਛੇ ਸਾਲ ਦੀ ਸਜ਼ਾ ਦਿਤੀ ਗਈ। ਗਾਂਧੀ ਜੀ ਨੇ ਅਦਾਲਤ ਸਾਹਮਣੇ ਆਪਣਾ ਲਿਖਤੀ ਬਿਆਨ ਪੜ੍ਹਿਆ। ਅੰਗਰੇਜ਼ ਜੱਜ ਬ੍ਰਮੁਫ਼ੀਲਡ ਦੀ ਅਦਾਲਤ ਵਿਚ ਮੁਕੱਦਮਾ ਪੇਸ਼ ਸੀ। ਮਹਾਤਮਾ ਜੀ ਦਾ ਬਿਆਨ ਸੁਣਨ ਮਗਰੋਂ ਜੋ ਫ਼ੈਸਲਾ ਜੱਜ ਨੇ ਲਿਖਿਆ, ਉਹ ਅੰਗਰੇਜ਼ੀ ਸਰਕਾਰ ਦੀਆਂ ਅੱਖਾਂ ਖੋਲ੍ਹਣ ਵਾਲਾ ਸੀ। ਜੱਜ ਨੇ ਆਪਣੇ ਫ਼ੈਸਲੇ ਵਿਚ ਲਿਖਿਆ :

"ਮੈਂ ਅਜ ਤਕ ਜਿੰਨੇ ਮੁਕਦਮੇ ਸੁਣੇ ਸਨ, ਜਾਂ ਅਗੋਂ ਸੁਣਾਗਾ, ਉਨ੍ਹਾਂ ਵਿਚ ਮਹਾਤਮਾ ਜੀ ਬਿਲਕੁਲ ਇਕ ਵਖਰੀ ਕਿਸਮ ਦੇ ਮਹਾਂਪੁਰਸ਼ ਹਨ। ਕਰੋੜਾਂ ਭਾਰਤ-ਵਾਸੀ ਉਨ੍ਹਾਂ ਨੂੰ ਪੂਜਦੇ ਹਨ। ਰਾਜਸੀ ਮਸਲਿਆਂ ਵਿਚ ਉਨ੍ਹਾਂ ਨਾਲ ਮਤ-ਭੇਦ ਰਖਣ ਵਾਲੇ ਲੋਕ ਵੀ ਉਨ੍ਹਾਂ ਨੂੰ ਉਚੇ ਆਦਰਸ਼ਾਂ ਵਾਲੇ ਸੰਤਪੁਰਸ਼ ਮੰਨਦੇ ਹਨ। ਇਸ ਸਮੇਂ ਮੇਰਾ ਫ਼ਰਜ਼ ਕਾਨੂੰਨ ਮੁਤਾਬਕ ਉਸ ਆਦਮੀ ਬਾਰੇ ਫ਼ੈਸਲਾ ਕਰਨਾ ਹੈ ਜਿਸਨੇ ਆਪਣਾ ਅਪਰਾਧ ਮੰਨ ਲਿਆ ਹੈ। ਅਜ ਤੋਂ ਬਾਰਾਂ ਸਾਲ ਪਹਿਲਾਂ ਇਸੇ ਕਾਨੂੰਨ ਹੇਠਾਂ ਸ੍ਰੀ ਬਾਲ ਗੰਗਾਧਰ ਤਿਲਕ ਨੂੰ ਛੇ ਸਾਲ ਦੀ ਕੈਦ ਦੀ ਸਜ਼ਾ ਦਿਤੀ ਗਈ ਸੀ। ਉਨੀਂ ਹੀ ਸਜ਼ਾ ਇਨ੍ਹਾਂ ਨੂੰ ਦਿੰਦਾ ਹਾਂ। ਇੰਨਾਂ ਕਹਿ ਦੇਣਾ ਜ਼ਰੂਰੀ ਸਮਝਦਾ ਹਾਂ, ਕਿ ਭਵਿਖ ਵਿਚ ਹਾਲਾਤ ਬਦਲਣ ਕਾਰਣ ਜੇ ਸਰਕਾਰ ਗਾਂਧੀ ਜੀ ਨੂੰ ਛੇਤੀ ਹੀ ਛੱਡ ਦੇਵੇ ਤਾਂ ਮੇਰੇ ਜਿੰਨੀ ਖ਼ੁਸ਼ੀ ਕਿਸੇ ਨੂੰ ਨਹੀਂ ਹੋ ਸਕਦੀ।"

ਗਾਂਧੀ ਜੀ ਲਈ ਛੇ ਸਾਲ ਦੀ ਸਜ਼ਾ ਦਾ ਫ਼ੈਸਲਾ ਸੁਣਕੇ ਅਦਾਲਤ ਵਿਚ ਮੌਜੂਦ ਲੋਕੀ ਕੁਰਲਾ ਉਠੇ। ਵਲਭ ਭਾਈ ਬਿਲਕੁਲ ਸ਼ਾਂਤ ਅਤੇ ਅਹਿਲ ਖੜੋਤੇ ਸਭ ਦਾ ਹੌਸਲਾ ਵਧਾ ਰਹੇ ਸਨ। ਉਨ੍ਹਾਂ ਨੂੰ ਪਤਾ ਸੀ ਕਿ ਇਹ ਇਸ ਆਜ਼ਾਦੀ ਦੀ ਲੜਾਈ ਦਾ ਆਰੰਭ ਹੈ। ਪਤਾ ਨਹੀਂ ਇਹੋ ਜਿਹੀਆਂ ਕਿੰਨੀਆਂ ਸਜ਼ਾਵਾਂ ਅਤੇ ਦੁਖ ਦੇਸ਼ ਵਾਸੀਆਂ ਨੂੰ ਸਹਿਣੇ ਪੈਣਗੇ। ਸਜ਼ਾ ਸੁਣਾਉਣ ਮਗਰੋਂ ਗਾਂਧੀ ਜੀ ਨੂੰ ਸਾਬਰਮਤੀ ਜੇਲ੍ਹ ਘਲ ਦਿੱਤਾ ਗਿਆ।

ਬਾਰਦੌਲੀ ਵਿਚ ਆਰੰਭ ਹੋਣ ਵਾਲੇ ਸਤਿਆਗ੍ਰਹਿ ਲਈ ਵਲਭ ਭਾਈ ਤੇ ਉਨ੍ਹਾਂ ਦੇ ਸਾਥੀਆਂ ਨੇ ਪੂਰਾ ਸਾਲ ਭਰ ਤਿਆਰੀਆਂ ਕੀਤੀਆਂ ਸਨ। ਇਸ ਸਤਿਆਗ੍ਰਹਿ ਨਾਲ ਸਾਰੇ ਦੇਸ਼ ਵਿਚ ਜਾਗ੍ਰਿਤੀ ਆ ਗਈ ਸੀ। ਚੌਰਾ ਚੌਰੀ ਦੇ ਹਾਦਸੇ ਨਾਲ ਗਾਂਧੀ ਜੀ ਨੇ ਲੜਾਈ ਬੰਦ ਕਰਨ ਦਾ ਹੁਕਮ ਦਿੱਤਾ, ਤਾਂ ਸਾਰੇ ਦੇਸ਼ ਵਿਚ ਨਿਰਾਸਤਾ ਛਾ ਗਈ। ਗਾਂਧੀ ਜੀ ਸਮੇਤ ਸਾਰੇ ਵੱਡੇ ਵੱਡੇ ਨੇਤਾ ਜੇਲ੍ਹਾਂ ਵਿਚ ਬੈਠੇ ਸਨ। ਸਤਿਆਗ੍ਰਹਿ ਸਮੇਂ ਬੜਾ ਉਤਸ਼ਾਹ ਸੀ, ਪਰ ਹੁਣ

ਸਾਰਾ ਦੇਸ਼ ਹੀ ਢਹਿੰਦੀਆਂ ਕਲਾ ਵਿਚ ਸੀ। ਇਸ ਸਮੇਂ ਸਿਰਫ਼ ਵਲਭ ਭਾਈ ਹੀ ਅਜਿਹੇ ਨੇਤਾ ਸਨ ਜੋ ਨਿਰਾਸ਼ ਨਹੀਂ ਸਨ। ਉਹ ਦੇਸ਼ ਭਰ ਨੂੰ ਉਤਸ਼ਾਹ ਵਿਚ ਰੱਖ ਰਹੇ ਸਨ। ਗਾਂਧੀ ਜੀ ਆਪਣੇ ਮਗਰੋਂ ਆਜ਼ਾਦੀ ਦੀ ਲਹਿਰ ਚਲਾਉਣ ਲਈ ਵਲਭ ਭਾਈ ਨੂੰ ਹੀ ਸੈਨਾਪਤੀ ਥਾਪ ਗਏ ਸਨ।

ਗਾਂਧੀ ਜੀ ਦੀ ਗ੍ਰਿਫਤਾਰੀ ਤੋਂ ਦੂਜੇ ਦਿਨ ਵਲਭ ਭਾਈ ਨੇ ਦੇਸ਼ ਦੇ ਨਾਂ ਸੰਦੇਸ਼ ਦਿੰਦਿਆਂ ਕਿਹਾ, "ਸਰਕਾਰੀ ਸ਼ੇਰ ਨੂੰ ਭਾਰਤ ਨੇ ਬੜੇ ਸ਼ਿਕਾਰ ਭੇਟ ਕੀਤੇ ਹਨ, ਪਰ ਮਹਾਤਮਾ ਜੀ ਵਰਗਾ ਪਵਿੱਤਰ ਸ਼ਿਕਾਰ ਉਸ ਨੂੰ ਪਹਿਲੀ ਵਾਰ ਹੀ ਪ੍ਰਾਪਤ ਹੋਇਆ ਹੈ। ਇਸ ਸ਼ਿਕਾਰ ਨੂੰ ਹਜ਼ਮ ਕਰ ਸਕਣਾ ਸੌਖਾ ਕੰਮ ਨਹੀਂ। ਅਪਰੈਲ, 1919 ਵਿਚ ਪਹਿਲੀ ਵਾਰ ਉਸ ਨੇ ਇਸ ਸ਼ਿਕਾਰ ਨੂੰ ਹੜਪ ਕਰਨ ਲਈ ਆਪਣੇ ਹੱਥ ਪਸਾਰੇ, ਪਰ ਨਿਰਾਸ਼ ਹੋ, ਹੱਥ ਵਾਪਸ ਲੈ ਲਏ। ਇਸ ਵਾਰ ਸ਼ੇਰ ਨੂੰ ਅਸੀ ਬੁਰੀ ਤਰ੍ਹਾਂ ਛੇੜਿਆ ਹੈ। ਉਸ ਦੀਆਂ ਅਖਾਂ ਗੁਸੇ ਨਾਲ ਲਾਲ ਹਨ। ਭਾਰਤ ਦੇ ਰਿਸ਼ੀਆਂ ਮੁਨੀਆਂ ਨੇ ਆਪਣੀ ਤਪਸਿਆ ਨਾਲ ਇਹੋ ਜਿਹੇ ਸੈਂਕੜੇ ਭਿਆਨਕ ਸ਼ੇਰਾਂ ਨੂੰ ਭੇਡਾਂ ਤੋਂ ਵੀ ਹੀਣੇ ਬਣਾ ਦਿੱਤਾ ਹੈ। ਇਹ ਸ਼ੇਰ ਵੀ ਕੁਝ ਦੇਰ ਤੱਕ ਸਾਡੀ ਤਪਸਿਆ ਸਦਕਾ ਬੱਕਰੀ ਬਣ ਜਾਵੇਗਾ।"

ਆਪਣੇ ਬਿਆਨ ਨੂੰ ਜਾਰੀ ਰਖਦਿਆਂ ਹੋਇਆਂ ਵਲਭ ਭਾਈ ਨੇ ਕਿਹਾ, "ਗੁਜਰਾਤ ਉਤੇ ਬੜੀ ਭਾਰੀ ਜ਼ਿੰਮੇਵਾਰੀ ਆ ਪਈ ਹੈ। ਆਜ਼ਾਦੀ ਦੀ ਲੜਾਈ ਦਾ ਆਰੰਭ ਇਸੇ ਸੂਬੇ ਤੋਂ ਹੋਇਆ ਹੈ। ਮਹਾਤਮਾ ਜੀ ਨੇ ਜੋ ਰਸਤਾ ਸਾਨੂੰ ਦਰਸਾਇਆ ਹੈ, ਉਸ ਤੇ ਚਲਣਾ ਸਾਡਾ ਧਰਮ ਹੈ।"

ਵਲਭ ਭਾਈ ਨੇ "ਨਵ ਜੀਵਨ" ਵਿਚ ਲਿਖਿਆ, "ਲੋਕੀਂ ਕਹਿੰਦੇ ਹਨ, ਮਹਾਤਮਾ ਜੀ ਜੇਲ੍ਹ ਚਲੇ ਗਏ ਹਨ। ਹੁਣ ਉਨ੍ਹਾਂ ਦੇ ਸਾਥੀ ਕੀ ਕਰਨਗੇ? ਬੇਸ਼ੱਕ ਉਨ੍ਹਾਂ ਦੇ ਸਾਥੀ ਉਨੇ ਸਿਆਣੇ ਨਹੀਂ। ਉਹ ਗਲਤੀਆਂ ਤਾਂ ਕਰ ਸਕਦੇ ਹਨ ਪਰ ਗਾਂਧੀ ਜੀ ਜੋ ਰਾਹ ਸਾਨੂੰ ਵਿਖਾ ਗਏ ਹਨ, ਉਸ ਤੇ ਚਲਣ ਲਈ ਅਸੀਂ ਬਿਲਕੁਲ ਤਿਆਰ ਹਾਂ।

"ਸਾਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਸਾਡੇ ਰਾਹ ਵਿਚ ਬੇਅੰਤ ਮੁਸ਼ਕਲਾਂ ਹਨ। ਸਾਡੀ ਟੱਕਰ ਬੜੇ ਭਿਆਨਕ, ਤੇ ਤਾਕਤਵਾਰ ਸ਼ੇਰ ਨਾਲ ਹੈ ਪਰ ਜਨਤਾ ਦਾ ਗਾਂਧੀ ਜੀ ਪ੍ਰਤੀ ਪ੍ਰੇਮ ਅਤੇ ਉਨ੍ਹਾਂ ਦੀ ਦੇਸ਼ ਆਜ਼ਾਦੀ ਲਈ ਲਗਨ ਸਾਡੀ ਪੂੰਜੀ ਹੈ। ਅਸੀਂ ਦਿਨ ਰਾਤ ਕੰਮ ਕਰਾਂਗੇ ਤੇ ਉਨ੍ਹਾਂ ਦੇ ਨਾਂ ਤੇ ਵਫ਼ਾਦਾਰੀ ਨੂੰ ਉਜਲ ਕਰਾਂਗੇ।"

ਗਾਂਧੀ ਜੀ ਦੇ ਜੇਲ੍ਹ ਜਾਣ ਤੋਂ ਥੋੜਾ ਚਿਰ ਪਿਛੋਂ ਕਾਂਗਰਸ ਵਿਚ ਦੋ ਦਲ ਪੈਦਾ ਹੋ ਗਏ, ਇਕ ਦਲ ਪੰਡਤ ਮੋਤੀ ਲਾਲ ਨਹਿਰੂ, ਦੇਸ਼ ਬੰਧੂ ਦਾਸ ਅਤੇ ਵਿਠਲ ਭਾਈ ਪਟੇਲ ਆਦਿ ਦਾ ਸੀ। ਇਸ ਦਲ ਨੇ ਕੌਂਸਲਾਂ ਵਿਚ ਜਾਕੇ ਸਰਕਾਰ ਦੇ ਚੰਗੇ ਅਤੇ ਮੰਦੇ ਹਰ ਤਰ੍ਹਾਂ ਦੇ

ਕੰਮਾਂ ਦਾ ਵਿਰੋਧ ਕਰਨਾ ਸੀ। ਉਹ ਦਲ ਸਰਕਾਰ ਦੀਆਂ ਕੂਟਲਨੀਤੀਆਂ ਦਾ ਭਾਂਡਾ ਭੰਨ ਕੇ ਹਕੂਮਤ ਦੇ ਕੰਮਾਂ ਵਿਚ ਰੁਕਾਵਟ ਪਾਉਣਾ ਚਾਹੁੰਦਾ ਸੀ। ਸੋ ਦੇਸ਼ ਬੰਧੂ ਦਾਸ, ਪੰਡਤ ਮੋਤੀ ਲਾਲ ਤੇ ਹਕੀਮ ਅਜਮਲ ਖ਼ਾਨ ਆਦਿ ਨੇਤਾਵਾਂ ਨੇ ਇਨ੍ਹੀਂ ਦਿਨੀਂ ਦੇਸ਼ ਦਾ ਦੌਰਾ ਕੀਤਾ। ਉਨ੍ਹਾਂ ਨੇ ਕੌਂਸਲਾਂ ਵਿਚ ਆਪਣੇ ਚੁਣੇ ਮੈਂਬਰ ਘਲਣ ਦਾ ਪ੍ਰਚਾਰ ਕੀਤਾ। ਹਕੀਮ ਅਜਮਲ ਖ਼ਾਨ ਅਤੇ ਵਿਠਲ ਭਾਈ ਪਟੇਲ ਵੀ ਇਸ ਪੱਖ ਵਿਚ ਸਨ ਕਿ ਸਾਨੂੰ ਕੌਂਸਲਾਂ ਵਿਚ ਜਾਣਾ ਚਾਹੀਦਾ ਹੈ। ਦੂਜੇ ਪਾਸੇ ਰਾਜ ਗੋਪਾਲ ਅਚਾਰੀਆ, ਡਾਕਟਰ ਅਨਸਾਰੀ ਤੇ ਡਾ: ਰਾਜਿੰਦਰ ਪਰਸ਼ਾਦ ਆਦਿ ਨੇਤਾ ਸਨ ਜੋ ਕੌਂਸਲਾਂ ਦੇ ਬਾਈਕਾਟ ਦੇ ਹੱਕ ਵਿਚ ਸਨ। ਗਯਾ ਕਾਂਗਰਸ ਵਿਚ ਪ੍ਰਧਾਨ ਦੀ ਹੈਸੀਅਤ ਵਿਚ ਦੇਸ਼ ਬੰਧੂ ਦਾਸ ਨੇ ਕੌਂਸਲਾਂ ਵਿਚ ਜਾਣ ਦੀ ਹਮਾਇਤ ਕੀਤੀ। ਉਸਦੇ ਉਲਟ ਵਲਭ ਭਾਈ ਨੇ ਕਿਹਾ, "ਮੈਂ ਲੀਡਰ ਨਹੀਂ, ਇਕ ਸਿਪਾਹੀ ਹਾਂ। ਮੈਂ ਕਿਸਾਨ-ਪੁੱਤਰ ਹਾਂ ਤੇ ਮੈਂ ਇਹ ਗੱਲ ਮੰਨਣ ਨੂੰ ਤਿਆਰ ਨਹੀਂ ਕਿ ਭਾਸ਼ਣਾਂ ਦੇ ਜ਼ੋਰ ਨਾਲ ਸਵਰਾਜ ਮਿਲ ਜਾਵੇਗਾ। ਅਸੀਂ ਸਰਕਾਰ ਵਰਗੇ ਹੋਛੇ ਹਥਿਆਰ ਨਹੀਂ ਵਰਤ ਸਕਦੇ। ਜੇ ਅਸੀਂ ਕੌਂਸਲਾਂ ਵਿਚ ਧੂੰਏਂਧਾਰ ਤਕਰੀਰਾਂ ਦੇ ਚੱਕਰ ਵਿਚ ਪੈ ਗਏ ਤਾਂ ਲੋਕੀਂ ਠੰਡੇ ਪੈ ਜਾਣਗੇ। ਇਸ ਤਰ੍ਹਾਂ ਕਾਂਗਰਸ ਜਨਤਾ ਦਾ ਵਿਸ਼ਵਾਸ ਖੋ ਬੈਠੇਗੀ। ਜਦ ਤੋਂ ਕਾਂਗਰਸ ਨੇ ਨਾ-ਮਿਲਵਰਤਣ ਦੀ ਜੰਗ ਸ਼ੁਰੂ ਕੀਤੀ ਹੈ ਇਸ ਵਿਚ ਮਜ਼ਦੂਰ ਤੇ ਕਿਸਾਨ ਸ਼ਾਮਲ ਹੋਏ ਹਨ। ਉਸ ਵਿਚ ਇਸਤਰੀਆਂ ਨੇ ਵੀ ਭਾਗ ਲਿਆ। ਉਨ੍ਹਾਂ ਵਿਚ ਵੀ ਦੇਸ਼ ਸੇਵਾ ਦਾ ਕੰਮ ਕਰਨ ਦੀ ਲਗਨ ਹੈ। ਕੌਂਸਲਾਂ ਵਿਚ ਜਾ ਕੇ ਸਰਕਾਰ ਵਿਰੁੱਧ ਅੰਦੋਲਨ ਚਲਾਣ ਦੀ ਲਹਿਰ ਇਕ ਸੌ ਸਾਲ ਤੱਕ ਵੀ ਚਲਦੀ ਰਹੇ ਤਾਂ ਵੀ ਸਵਰਾਜ ਪ੍ਰਾਪਤ ਨਹੀਂ ਹੋ ਸਕਦਾ।"

ਦੇਸ਼ ਬੰਧੂ ਦਾਸ ਨੇ ਇਸ ਇਜਲਾਸ ਮਗਰੋਂ ਕਾਂਗਰਸ ਤੋਂ ਅਸਤੀਫਾ ਦੇ ਦਿੱਤਾ ਤੇ ਸਵਰਾਜ ਦਲ ਨਾਂ ਦੀ ਵੱਖਰੀ ਜਥੇਬੰਦੀ ਬਣਾ ਲਈ। ਪੰ: ਮੋਤੀ ਨਾਲ ਉਨ੍ਹਾਂ ਦੇ ਨਾਲ ਮਿਲ ਗਏ। ਇਨ੍ਹੀਂ ਦਿਨੀਂ ਜਵਾਹਰ ਲਾਲ ਨਹਿਰੂ ਜੇਲ੍ਹ ਤੋਂ ਬਾਹਰ ਆਏ। ਉਨ੍ਹਾਂ ਨੂੰ ਇਹ ਵੇਖ ਕੇ ਬੜਾ ਦੁਖ ਹੋਇਆ ਕਿ ਕਾਂਗਰਸ ਦੋ ਹਿਸਿਆਂ ਵਿਚ ਵੰਡੀ ਗਈ ਹੈ। ਉਹ ਦੋਹਾਂ ਧੜਿਆਂ ਵਿਚ ਸਮਝੌਤਾ ਕਰਾਉਣਾ ਚਾਹੁੰਦੇ ਸਨ। ਉਨ੍ਹਾਂ ਨਾਲ ਸਰੋਜਨੀ ਨੈਡੂ ਤੇ ਡਾਕਟਰ ਅਨਸਾਰੀ ਵੀ ਸ਼ਾਮਲ ਸਨ।

ਇਕ ਸਮਾਗਮ ਵਿਚ ਪ੍ਰਸ਼ੋਤਮ ਦਾਸ ਟੰਡਨ ਨੇ ਮਤਾ ਪੇਸ਼ ਕੀਤਾ ਕਿ ਗਯਾ ਸੈਸ਼ਨ ਵਿਚ ਚੋਣਾਂ ਵਿਰੁੱਧ ਪ੍ਰਚਾਰ ਕੀਤੇ ਜਾਣ ਦਾ ਜੋ ਫੈਸਲਾ ਕੀਤਾ ਗਿਆ ਸੀ, ਉਹ ਬੰਦ ਕਰ ਦਿੱਤਾ ਜਾਵੇ। ਇਹ ਮਤਾ ਪਾਸ ਹੋ ਗਿਆ। ਵਲਭ ਭਾਈ ਇਸ ਮਤੇ ਵਿਰੁੱਧ ਸਨ, ਇਸ ਕਰਕੇ ਉਨ੍ਹਾਂ ਅਤੇ ਉਨ੍ਹਾਂ ਦੇ ਸਾਥੀਆਂ ਨੇ ਅਸਤੀਫੇ ਦੇ ਦਿਤੇ।

ਇਸ ਮਗਰੋਂ ਦੇਸ਼ ਬੰਧੂ ਦਾਸ ਨੇ ਮਦਰਾਸ ਦੇ ਇਕ ਜਲਸੇ ਵਿਚ ਗਾਂਧੀ ਜੀ ਤੇ ਦੋਸ਼ ਲਾਉਂਦਿਆਂ ਕਿਹਾ, "ਉਸ ਸਮੇਂ ਸਰਕਾਰ ਸਤਿਆਗ੍ਰਹਿ ਕਾਰਣ ਦਬ ਗਈ ਸੀ ਤੇ ਉਹ

ਸਮਝੌਤਾ ਕਰਨਾ ਚਾਹੁੰਦੀ ਸੀ। ਮੈਂ ਉਦੋਂ ਜੇਲ੍ਹ ਵਿਚ ਸੀ। ਮੈਨੂੰ ਉਥੇ ਸਮਝੌਤੇ ਦੀਆਂ ਸ਼ਰਤਾਂ ਭੇਜੀਆਂ ਗਈਆਂ, ਜੋ ਮੈਂ ਗਾਂਧੀ ਜੀ ਨੂੰ ਭਿਜਵਾ ਦਿਤੀਆਂ। ਗਾਂਧੀ ਜੀ ਨੇ ਬੜੀ ਗੜਬੜੀ ਕੀਤੀ ਤੇ ਸਾਨੂੰ ਅੰਦੋਲਨ ਚਲਾਉਣ ਦੀ ਥਾਂ ਚਰਖਾ ਚਲਾਉਣ ਲਈ ਕਹਿ ਦਿੱਤਾ...।"

ਗਾਂਧੀ ਜੀ ਉਤੇ ਲਾਇਆ ਇਹ ਦੋਸ਼ ਸੁਣਕੇ ਵਲਭ ਭਾਈ ਖਾਮੋਸ਼ ਨਾ ਰਹਿ ਸਕੇ। ਦੇਸ਼ ਬੰਧੂ ਦਾਸ ਤੇ ਸਖਤ ਨੁਕਤਾਚੀਨੀ ਕਰਦਿਆਂ ਹੋਇਆ ਉਨ੍ਹਾਂ ਨੇ ਕਿਹਾ:—

“ਜੇਲ੍ਹ ਤੋਂ ਰਿਹਾਈ ਮਗਰੋਂ ਪੂਰੇ ਅੱਠ ਮਹੀਨੇ ਖਾਮੋਸ਼ ਰਹਿਣ ਪਿਛੋਂ ਦੇਸ਼ ਬੰਧੂ ਦਾਸ ਅੱਜ ਕਹਿ ਰਹੇ ਹਨ ਕਿ ਗਾਂਧੀ ਜੀ ਨੇ ਵਾਇਸਰਾਏ ਦੀਆਂ ਸ਼ਰਤਾਂ ਨਾ ਮੰਨ ਕੇ ਗੜਬੜੀ ਕਰ ਦਿਤੀ ਹੈ। ਜੇਲ੍ਹ ਵਿਚੋਂ ਨਿਕਲ ਕੇ ਦਾਸ ਨੇ ਕੁਝ ਚਿਰ ਮੌਨ ਧਾਰੀ ਰਖਿਆ। ਕਲਕੱਤਾ ਕਾਂਗਰਸ ਵਿਚ ਦੋਹਾਂ ਦਲਾਂ ਦੀ ਰੱਸਾ ਕਸ਼ੀ ਕਰਾਉਂਦੇ ਰਹੇ। ਗਯਾ ਕਾਂਗਰਸ ਵਿਚ ਜਦ ਉਨ੍ਹਾਂ ਦੀ ਕੋਈ ਪੇਸ਼ ਨਾ ਗਈ ਤਾਂ ਇਕ ਦਮ ਅਸਤੀਫਾ ਦੇ ਦਿੱਤਾ ਤੇ ਆਪਣਾ 'ਸਵਰਾਜ ਦਲ' ਵੱਖਰਾ ਖੜਾ ਕਰ ਲਿਆ। ਹੁਣ ਮਦਰਾਸ ਪਹੁੰਚ ਕੇ ਇਨ੍ਹਾਂ ਨੇ ਗਾਂਧੀ ਜੀ ਤੇ 'ਨਵਾਂ ਹਮਲਾ' ਕਰ ਦਿੱਤਾ।"

ਵਲਭ ਭਾਈ ਦੇ ਵੱਡੇ ਵੀਰ ਵਿਠਲ ਭਾਈ ਪਟੇਲ ਇਸ ਸਮੇਂ 'ਦਾਸ' ਨਾਲ 'ਸਵਰਾਜ ਦਲ' ਵਿਚ ਸ਼ਾਮਲ ਸਨ। ਉਨ੍ਹਾਂ ਨੇ ਕਿਹਾ,“ ਗੁਜਰਾਤ ਦੇ ਲੋਕੀਂ ਬੰਬਈ ਵਾਲੇ ਮਤੇ ਦਾ ਆਦਰ ਨਹੀਂ ਕਰਦੇ ਜਿਸ ਵਿਚ ਪਾਸ ਕੀਤਾ ਗਿਆ ਸੀ ਕਿ ਦੇਸ਼ ਨੂੰ ਕੌਂਸਲਾਂ ਵਿਚ ਜਾਣਾ ਚਾਹੀਦਾ ਹੈ। ਅਜ ਮੈਂ ਕਾਂਗਰਸ ਦਾ ਮਾਣ ਘਟਦਾ ਵੇਖ ਰਿਹਾ ਹਾਂ।"

ਇਸ ਦਾ ਉੱਤਰ ਵਲਭ ਭਾਈ ਨੇ ਦਿੱਤਾ, "ਵਿਠਲ ਭਾਈ ਕਹਿੰਦੇ ਹਨ ਕਿ ਕਾਂਗਰਸੀ ਨੇਤਾਵਾਂ ਵਿਚ ਮਤਭੇਦ ਹੋ ਗਿਆ ਹੈ। ਇਸ ਲਈ ਆਸ ਨਹੀਂ ਕਿ ਕੌਂਸਲਾਂ ਤੇ ਕਬਜ਼ਾ ਕੀਤਾ ਜਾ ਸਕੇ। ਉਹ ਇਹ ਨਹੀਂ ਸੋਚਦੇ ਕਿ ਸਵਰਾਜ ਦਲ ਦੇ ਬਣਨ ਨਾਲ ਮਤਭੇਦ ਵਧਿਆ ਹੈ। ਸੋ ਇਸ ਦਲ ਨੂੰ ਬਨਾਉਣ ਵਾਲੇ ਹੀ ਇਸ ਦੇ ਜ਼ਿੰਮੇਵਾਰ ਹਨ। ਹੁਣ ਵੀ ਕਾਂਗਰਸ ਦੀ ਇੱਜ਼ਤ ਬਚਾਉਣੀ ਹੋਵੇ ਤਾਂ ਆਪਣੇ ਵਖਰੇ ਦਲ ਨੂੰ ਤੋੜ ਦੇਣਾ ਚਾਹੀਦਾ ਹੈ। ਗੁਜਰਾਤ ਕਾਂਗਰਸ ਨੂੰ ਜਦ ਯਕੀਨ ਹੋ ਜਾਵੇਗਾ ਕਿ ਕੌਂਸਲਾਂ ਵਿਚ ਜਾ ਕੇ ਦੇਸ਼ ਦਾ ਭਲਾ ਹੋ ਸਕਦਾ ਹੈ ਤਾਂ ਉਹ ਇਸ ਵਿਚ ਆਪਣਾ ਪੂਰਾ ਮਿਲਵਰਤਣ ਦੇਵੇਗੀ। ਗੁਜਰਾਤ, ਵਿਠਲ ਭਾਈ ਤੋਂ ਵਧੇਰੇ ਗਾਂਧੀ ਜੀ ਨੂੰ ਜਾਣਦਾ ਪਛਾਣਦਾ ਹੈ। ਗੁਜਰਾਤ ਗਾਂਧੀ ਜੀ ਨਾਲ ਵਿਸ਼ਵਾਸਘਾਤ ਨਹੀਂ ਕਰ ਸਕਦਾ। ਗੁਜਰਾਤ ਨੇ ਗਾਂਧੀ ਜੀ ਨੂੰ ਆਪਣੀ ਵਫ਼ਾਦਾਰੀ ਦਾ ਬਚਨ ਦਿੱਤਾ ਹੈ। ਗੁਜਰਾਤ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਜਦ ਗਾਂਧੀ ਜੀ ਦੇਸ਼ ਨਹੀਂ ਸਨ ਪਰਤੇ ਤਾਂ ਸਾਰਾ ਦੇਸ਼ ਉਨ੍ਹਾਂ ਦੇ ਮੂੰਹੋਂ ਨਿਕਲੇ ਬਚਨਾਂ ਤੇ ਫੁੱਲ ਚੜ੍ਹਾਉਂਦਾ ਸੀ। ਅਜ ਗਾਂਧੀ ਜੀ ਦੀ ਗੈਰਹਾਜ਼ਰੀ ਵਿਚ ਖੁਦ ਲੀਡਰ ਹੀ ਕਾਂਗਰਸ ਦੇ ਮਤਿਆਂ ਨੂੰ ਨਹੀਂ ਮੰਨਦੇ। ਉਹ ਆਪਣੀ

ਇੱਛਾ ਅਨੁਸਾਰ ਪ੍ਰਸਤਾਵ ਪਾਸ ਕਰਾਉਣਾ ਚਾਹੁੰਦੇ ਹਨ। ਇਸ ਹਾਲਤ ਵਿਚ ਕਾਂਗਰਸ ਦੀ ਇੱਜ਼ਤ ਕਿਵੇਂ ਵਧੇ?"

ਵਿਠਲ ਭਾਈ ਪਟੇਲ ਦੀ ਰਾਇ ਵਿਚ "ਕੌਂਸਲਾਂ ਵਿਚ ਦਾਖਲਾ ਦੁਸ਼ਮਣ ਦੇ ਕਿਲੇ ਨੂੰ ਜਿਤਣ ਬਰਾਬਰ ਹੈ।" ਸਰਦਾਰ ਪਟੇਲ ਦਾ ਕਹਿਣਾ ਸੀ, "ਦੁਸ਼ਮਣ ਦਾ ਕਿਲ੍ਹਾ ਕੌਂਸਲਾਂ ਵਿਚ ਨਹੀਂ। ਕਿਲ੍ਹਾ ਤਾਂ ਉਨ੍ਹਾਂ ਤੋਂ ਬਾਹਰ ਵੀ ਹੈ। ਜਦ ਤਕ ਇਹ ਬਾਹਰਲਾ ਕਿਲ੍ਹਾ ਕਾਇਮ ਹੈ, ਸਰਕਾਰ ਸੈਂਕੜੇ ਵਰ੍ਹੇ ਕੌਂਸਲਾਂ ਬਿਨਾਂ ਵੀ ਚਲਦੀ ਰਹੇਗੀ।"

ਗਾਂਧੀ ਜੀ ਦੇ ਜੇਲ੍ਹ ਜਾਣ ਮਗਰੋਂ ਜਦ ਕਾਂਗਰਸ ਆਪੋ ਵਿਚ ਦੀ ਫੁਟ ਅਤੇ ਕਮ-ਜ਼ੋਰੀਆਂ ਦਾ ਸ਼ਿਕਾਰ ਸੀ ਉਸ ਸਮੇਂ ਵਲਭ ਭਾਈ ਪੂਰੀ ਈਮਾਨਦਾਰੀ ਤੇ ਦ੍ਰਿੜਤਾ ਨਾਲ ਸੱਚੇ ਦਿਲੋਂ ਗਾਂਧੀ ਜੀ ਦੇ ਪਾਏ ਪੂਰਨਿਆਂ ਤੇ ਚਲ ਰਹੇ ਸਨ।

ਇਹ ਉਹ ਸਮਾਂ ਸੀ ਜਦ ਦਾਸ, ਦੇਸ਼ ਦੇ ਬਹੁਤ ਵੱਡੇ ਨੇਤਾ ਸਨ। ਉਨ੍ਹਾਂ ਦੇ ਮੁਕਾਬਲੇ ਤੇ ਵਲਭ ਭਾਈ ਕਿਸੇ ਗਿਣਤੀ ਵਿਚ ਨਹੀਂ ਸਨ। ਉਨ੍ਹਾਂ ਨੂੰ ਗਾਂਧੀ ਜੀ ਦੇ ਆਦਰਸ਼ ਤੇ ਦ੍ਰਿੜ੍ਹਤਾ ਨਾਲ ਚਲਦਿਆਂ ਵੇਖ ਕੇ ਦਾਸ ਹੋਰੀਂ ਵੀ ਹੈਰਾਨ ਹੋ ਉਠੇ।

ਸਵਰਾਜ ਪਾਰਟੀ ਕੌਂਸਲਾਂ ਵਿਚ ਚਲੀ ਗਈ। ਜਦ 1926 ਵਿਚ ਗਾਂਧੀ ਜੀ ਨੇ ਕੌਂਸਲਾਂ ਵਿਚੋਂ ਨਿਕਲ ਆਉਣ ਦਾ ਫੈਸਲਾ ਕੀਤਾ ਤਾਂ ਸਵਰਾਜੀਆਂ ਨੂੰ ਖਾਲੀ ਹੱਥ ਵਾਪਸ ਆਉਣਾ ਪਿਆ।

ਗਾਂਧੀ ਜੀ ਦੇ ਜੇਲ੍ਹ ਜਾਣ ਮਗਰੋਂ ਵਲਭ ਭਾਈ ਨੇ ਬੜਾ ਸ਼ਲਾਘਾਯੋਗ ਕੰਮ ਕੀਤਾ। ਉਨ੍ਹਾਂ ਨੇ ਬਰਮਾਂ ਤੱਕ ਯਾਤਰਾ ਕੀਤੀ। ਕਾਂਗਰਸ ਦਾ ਪ੍ਰਚਾਰ ਕੀਤਾ। ਗਾਂਧੀ ਜੀ ਦੇ ਵਿਚਾਰ ਲੋਕਾਂ ਨੂੰ ਦੱਸੇ। ਚਰਖਾ, ਖਾਦੀ ਤੇ ਸੁਦੇਸ਼ੀ ਪ੍ਰਚਾਰ ਲਈ ਉਹ ਪਿੰਡ ਪਿੰਡ ਗਏ। ਕਾਂਗਰਸ ਦੇ ਖੁਸੇ ਵਕਾਰ ਨੂੰ ਬਹਾਲ ਕੀਤਾ। ਗੁਜਰਾਤ ਵਿਦਿਆਪੀਠ ਲਈ ਦਸ ਲਖ ਰੁਪਿਆ ਇਕੱਠਾ। ਕਰਕੇ ਪ੍ਰਬੰਧਕਾਂ ਦੇ ਹਵਾਲੇ ਕੀਤਾ।

### ਕੌਮੀ ਝੰਡੇ ਦਾ ਅਪਮਾਨ

ਅਗਸਤ, 1922 ਵਿਚ ਜੱਬਲਪੁਰ ਨਗਰਪਾਲਕਾ ਨੇ ਇਕ ਮਤਾ ਪਾਸ ਕੀਤਾ ਕਿ ਕਾਂਗਰਸੀ ਨੇਤਾ ਹਕੀਮ ਅਜਮਲ ਖਾਂ ਨੂੰ ਮਾਨ ਪੱਤਰ ਭੇਟ ਕੀਤਾ ਜਾਵੇ ਤੇ ਕਮੇਟੀ ਦੇ ਦਫਤਰ ਤੇ ਕੌਮੀ ਝੰਡਾ ਲਹਿਰਾਇਆ ਜਾਵੇ। ਇਕ ਮਤਾ ਇਹ ਵੀ ਪੇਸ਼ ਹੋਇਆ ਕਿ ਕੌਮੀ ਝੰਡੇ ਤੇ ਅੰਗਰੇਜ਼ਾਂ ਦੇ ਝੰਡੇ ਯੂਨੀਅਨ ਜੈਕ ਦੋਹਾਂ ਨੂੰ ਇਕੱਠੇ ਲਹਿਰਾਇਆ ਜਾਵੇ, ਪਰ ਉਹ ਮਤਾ ਪਾਸ ਨਾ ਹੋ ਸਕਿਆ। ਸੋ ਬੜੀ ਸ਼ਾਨ ਨਾਲ ਕਮੇਟੀ ਦੇ ਦਫਤਰ ਤੇ ਕੌਮੀ ਝੰਡਾ ਲਹਿਰਾਇਆ।

ਗਿਆ। ਇਹ ਖਬਰ ਜਦ ਲੰਡਨ ਪੁਜੀ ਤਾਂ ਉਥੇ ਥੱਲਕਾ ਮਚ ਗਿਆ ਕਿ ਯੂਨੀਅਨ ਜੈਕ ਦੀ ਬੇਇਜ਼ਤੀ ਕਰਕੇ ਕੌਮੀ, ਝੰਡਾ ਲਹਿਰਾਇਆ ਗਿਆ ਹੈ।

18 ਮਾਰਚ ਨੂੰ ਗਾਂਧੀ ਜੀ ਨੂੰ ਜੇਲ੍ਹ ਗਿਆਂ ਇਕ ਸਾਲ ਬੀਤ ਗਿਆ ਸੀ। ਇਹ ਦਿਨ ਮਨਾਉਣ ਲਈ ਪੰਡਤ ਸੁੰਦਰ ਲਾਲ ਦੀ ਅਗਵਾਈ ਹੇਠਾਂ ਕੌਮੀ ਝੰਡੇ ਸਮੇਤ ਇਕ ਤਕੜਾ ਜਲੂਸ ਕਢਿਆ ਗਿਆ। ਪੁਲਿਸ ਨੇ ਪੰਡਤ ਸੁੰਦਰ ਲਾਲ ਦੇ ਦਸ ਸਾਥੀਆਂ ਨੂੰ ਸਣੇ ਕੌਮੀ ਝੰਡੇ ਦੇ ਗ੍ਰਿਫਤਾਰ ਕਰ ਲਿਆ। ਦੂਜੇ ਦਿਨ ਸਭ ਨੂੰ ਰਿਹਾ ਕਰ ਦਿੱਤਾ ਗਿਆ ਪਰ ਕੌਮੀ ਝੰਡਾ ਵਾਪਸ ਨਾ ਕੀਤਾ ਗਿਆ। ਜਦੋਂ ਪੰਡਤ ਜੀ ਨੇ ਝੰਡੇ ਦੀ ਵਾਪਸੀ ਲਈ ਜ਼ੋਰ ਦਿੱਤਾ ਤਾਂ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ। ਉਨ੍ਹਾਂ ਨੂੰ ਛੇ ਮਹੀਨੇ ਦੀ ਸਜ਼ਾ ਦਿਤੀ ਗਈ।

ਇਸ ਘਟਨਾ ਤੋਂ ਪਿਛੋਂ ਦੇਸ਼ ਭਰ ਵਿਚ ਅਜਿਹੀ ਅੱਗ ਭੜਕੀ ਜੋ ਅੰਗਰੇਜ਼ੀ ਸਰਕਾਰ ਤੋਂ ਸੰਭਾਲੀ ਨਾ ਗਈ। ਨਾਗਪੁਰ ਵਿਚ ਵਿਸਾਖੀ ਵਾਲੇ ਦਿਨ ਕੌਮੀ ਝੰਡੇ ਨਾਲ ਇਕ ਤਕੜਾ ਜਲੂਸ ਕਢਿਆ ਗਿਆ। ਸਾਰੇ ਰਸਤੇ ਪੁਲਿਸ ਨੇ ਰੋਕ ਲਏ। ਜਲੂਸ ਨੂੰ ਰੋਕਿਆ ਗਿਆ ਪਰ ਵਾਲੰਟੀਅਰਾਂ ਨੇ ਅੱਗੇ ਜਾਣ ਤੇ ਜ਼ੋਰ ਦਿੱਤਾ। ਪੁਲਿਸ ਉਨ੍ਹਾਂ ਤੇ ਇਕ ਦਮ ਟੁੱਟ ਪਈ। ਕੌਮੀ ਝੰਡਾ ਖੋਹ ਲਿਆ ਗਿਆ। ਝੰਡੇ ਦੇ ਡੰਡੇ ਨਾਲ ਹੀ ਲੋਕਾਂ ਨੂੰ ਕੁਟਿਆ ਗਿਆ। ਮਾਰ ਖਾ ਕੇ ਡਿੱਗੇ ਬੰਦਿਆਂ ਨੂੰ ਘਸੀਟ ਕੇ ਨੇੜੇ ਦੇ ਨਾਲੇ ਵਿਚ ਸੁੱਟ ਦਿੱਤਾ ਗਿਆ।

ਇਸ ਮਗਰੋਂ ਨਾਗਪੁਰ ਕਾਂਗਰਸ ਨੇ ਫੈਸਲਾ ਕੀਤਾ ਕਿ ਨਾਗਪੁਰ ਸ਼ਹਿਰ ਦੀ ਕਿਸੇ ਸੜਕ ਤੇ ਕੌਮੀ ਝੰਡੇ ਨਾਲ ਪਹਿਲੀ ਮਈ ਨੂੰ ਜਲੂਸ ਕਢਿਆ ਜਾਵੇਗਾ। ਜੱਬਲਪੁਰ ਅਤੇ ਨਾਗਪੁਰ ਦੋਹਾਂ ਸ਼ਹਿਰਾਂ ਦੀ ਥਾਂ ਕੇਵਲ ਨਾਗਪੁਰ ਨੂੰ ਹੀ ਕੇਂਦਰ ਮਿਥਕੇ ਸਰਕਾਰ ਨਾਲ ਸਿਧੀ ਟੱਕਰ ਲੈਣ ਦਾ ਫੈਸਲਾ ਕੀਤਾ ਗਿਆ। ਇਸ ਸਤਿਆਗ੍ਰਹਿ ਦਾ ਕੰਮ ਸੇਠ ਜਮਨਾ ਲਾਲ ਬਜਾਜ ਨੂੰ ਸੌਂਪਿਆ ਗਿਆ। ਨਾਗਪੁਰ ਵਿਚ ਹਰ ਕਿਸਮ ਦੇ ਜਲਸੇ ਤੇ ਜਲੂਸ ਉਤੇ ਪਾਬੰਦੀ ਲਗਾ ਦਿਤੀ ਗਈ।

ਜਦ ਨਾਗਪੁਰ ਅਤੇ ਜੱਬਲਪੁਰ ਵਿਚ ਇਹ ਹਾਲਤ ਵਾਪਰ ਰਹੀ ਹੋਵੇ ਤਾਂ ਵਲਭ ਭਾਈ-ਕਿਵੇਂ ਖਾਮੋਸ਼ ਰਹਿ ਸਕਦੇ ਸਨ। ਉਨ੍ਹਾਂ ਨੇ ਜ਼ਿਲ੍ਹਾ ਖੇੜਾ ਤੋਂ 75 ਵਾਲੰਟੀਅਰਾਂ ਦਾ ਇਕ ਜੱਥਾ ਨਾਗਪੁਰ ਭੇਜਿਆ। ਦੂਜੇ ਜ਼ਿਲਿਆਂ ਵਿਚੋਂ ਵੀ ਇਸੇ ਤਰ੍ਹਾਂ ਜੱਥਿਆਂ ਦੇ ਜੱਥੇ ਨਾਗਪੁਰ ਵਲ ਦੌੜੀ ਜਾ ਰਹੇ ਸਨ। ਸਰਕਾਰ ਨੇ ਜਮਨਾ ਲਾਲ ਨੂੰ ਗ੍ਰਿਫਤਾਰ ਕਰ ਲਿਆ। ਸਰਕਾਰ ਦਾ ਖ਼ਿਆਲ ਸੀ ਕਿ ਹੁਣ ਦੇਸ਼ ਦੇ ਸਭ ਲੀਡਰ ਜੇਲ੍ਹ ਦੀਆਂ ਕਾਲ ਕੋਠੜੀਆਂ ਵਿਚ ਬੰਦ ਹਨ। ਇਸ ਲਈ ਇਹ ਲਹਿਰ ਕੁਚਲ ਦਿਤੀ ਜਾਵੇਗੀ ਪਰ ਉਸ ਨੂੰ ਪਤਾ ਨਹੀਂ ਸੀ ਕਿ ਵਲਭ ਭਾਈ ਵਰਗਾ ਦਲੇਰ ਤੇ ਸਾਹਸੀ ਨੇਤਾ ਹਾਲੀਂ ਜੇਲੋਂ ਬਾਹਰ ਹੈ। ਇਸ ਸਮੇਂ ਗਵਰਨਰ ਨੇ ਸਤਿਆਗ੍ਰਹਿ ਤੇ ਪਾਬੰਦੀ ਲਗਾ ਦਿਤੀ। ਵਲਭ ਭਾਈ ਨੇ ਪਾਬੰਦੀ ਤੋੜਨ ਦੀਆਂ ਬੜੇ ਜ਼ੋਰ ਸ਼ੋਰ ਨਾਲ ਤਿਆਰੀਆਂ ਆਰੰਭ ਦਿਤੀਆਂ। ਉਨ੍ਹਾਂ ਨੇ ਜਥੇਬੰਦੀ ਨੂੰ ਖ਼ੂਬ ਮਜ਼ਬੂਤ ਕੀਤਾ। ਦੂਰੋਂ ਨੇੜਿਉਂ 'ਮਹਾਤਮਾ ਗਾਂਧੀ ਦੀ ਜੈ' ਦੇ ਨਾਹਰੇ ਲਾਉਂਦੀਆਂ ਟੋਲੀਆਂ ਨਾਗਪੁਰ ਚਲੀਆਂ ਜਾ

ਰਹੀਆਂ ਸਨ। ਜਮਨਾ ਲਾਲ ਦੀ ਗ੍ਰਿਫਤਾਰੀ ਮਗਰੋਂ ਜਦ ਸਰਕਾਰ ਨੇ ਹਾਲਤ ਵਿਗੜਦੀ ਵੇਖੀ ਤਾਂ ਗਵਰਨਰ ਨੇ ਵਲਭ ਭਾਈ ਨਾਲ ਮੁਲਾਕਾਤ ਕੀਤੀ ਤੇ ਬਿਨਾਂ ਕਿਸੇ ਸ਼ਰਤ ਦੇ 9 ਸਤੰਬਰ, 1923 ਨੂੰ ਨਾਗਪੁਰ ਵਿਚ ਜਲਸੇ ਜਲੂਸਾਂ ਅਤੇ ਕੌਮੀ ਝੰਡੇ ਤੋਂ ਪਾਬੰਦੀ ਹਟਾ ਲਈ। ਸਾਰੇ ਸਤਿਆਗ੍ਰਹੀ ਜੇਲੋਂ ਰਿਹਾ ਕਰ ਦਿੱਤੇ ਗਏ। ਦੇਸ਼ ਵਾਸੀਆਂ ਦੀ ਇਹ ਬੜੀ ਭਾਰੀ ਜਿੱਤ ਸੀ। ਇਸ ਜਿੱਤ ਦਾ ਸਿਹਰਾ ਨਿਡਰ ਨੇਤਾ ਵਲਭ ਭਾਈ ਦੇ ਸਿਰ ਸੀ। ਜਿੱਤ ਦੇ ਨਾਹਰੇ ਮਾਰਦੇ ਤੇ ਕੌਮੀ ਝੰਡੇ ਲਹਿਰਾਉਂਦੇ ਸਾਰੇ ਸਤਿਆਗ੍ਰਹੀ ਜੇਲ੍ਹਾਂ ਨਿਕਲ ਕੇ ਘਰਾਂ ਵਲ ਤੁਰ ਪਏ।

**ਬੌਰਸਦ ਸਤਿਆਗ੍ਰਹਿ**

ਹੁਣ ਸਾਰਾ ਦੇਸ਼ ਜਾਗ ਉਠਿਆ ਸੀ। ਮਹਾਤਮਾਂ ਗਾਂਧੀ ਜਦੋਂ ਦੇ ਦੇਸ਼ ਵਾਪਸ ਆਏ ਸਨ, ਉਨ੍ਹਾਂ ਨੇ ਦੇਸ਼ ਵਾਸੀਆਂ ਵਿਚ ਨਿੱਡਰਤਾ ਤੇ ਜਾਗਿਰਤੀ ਪੈਦਾ ਕਰ ਦਿਤੀ ਸੀ। ਇਸ ਗੱਲ ਨੂੰ ਅੰਗਰੇਜ਼ੀ ਸਰਕਾਰ ਪਸੰਦ ਨਹੀਂ ਸੀ ਕਰਦੀ। ਉਹ ਦੇਸ਼ ਵਾਸੀਆਂ ਦੇ ਦਿਲਾਂ ਵਿਚ ਸਰਕਾਰ ਪ੍ਰਤੀ ਸ਼ਰਧਾ ਤੇ ਸਹਿਮ ਵੇਖਣਾ ਪਸੰਦ ਕਰਦੀ ਸੀ। ਸੋ ਪਿਛਲੇ ਸਤਿਆਗ੍ਰਹਿ ਤੋਂ ਦੋ ਤਿੰਨ ਮਹੀਨੇ ਮਗਰੋਂ ਹੀ ਸਰਕਾਰ ਨੇ ਕਾਂਗਰਸ ਦੀ ਸ਼ਕਤੀ ਪਰਖਣੀ ਚਾਹੀ। ਨਵੰਬਰ, 1923 ਨੂੰ ਸਰਕਾਰ ਨੇ ਬੋਰਸਦ ਤਲੁਕੇ ਦੀ ਜਨਤਾ ਨੂੰ ਸਿਧੇ ਰਾਹ ਪਾਉਣ ਲਈ ਉਥੇ ਇਕ ਪੁਲਿਸ ਚੌਂਕੀ ਬਿਠਾ ਦਿਤੀ। ਇਸ ਇਲਾਕੇ ਦੇ ਲੋਕਾਂ ਦਾ ਕਸੂਰ ਇਹ ਦਸਿਆ ਗਿਆ ਕਿ ਇਹ ਸਰਕਾਰ ਦੀ ਸਹਾਇਤਾ ਨਹੀਂ ਕਰਦੇ ਸਗੋਂ ਸਰਕਾਰ ਵਿਰੁੱਧ ਲੋਕਾਂ ਦੀ ਮਦਦ ਕਰਦੇ ਹਨ। ਇਸ ਚੌਂਕੀ ਦਾ ਦੋ ਲਖ ਚਾਲੀ ਹਜ਼ਾਰ ਦਾ ਸਾਰਾ ਖਰਚਾ ਜਨਤਾ ਸਿਰ ਪਾ ਦਿੱਤਾ। ਗਿਆ। ਇਸ ਰਕਮ ਦੀ ਵਸੂਲੀ ਦਾ ਹੁਕਮ ਵੀ ਜਾਰੀ ਹੋ ਗਿਆ।

ਵਲਭ ਭਾਈ ਨੂੰ ਇਹ ਖਬਰ ਪਹੁੰਚ ਗਈ। ਉਸ ਨੇ ਸਰਕਾਰ ਨੂੰ ਲਿਖਿਆ ਕਿ ਜੋ ਦੋਸ਼ ਉਸ ਨੇ ਇਸ ਇਲਾਕੇ ਦੀ ਜਨਤਾ ਤੇ ਲਗਾਏ ਹਨ, ਉਨ੍ਹਾਂ ਨੂੰ ਸਾਬਤ ਕਰੇ। ਇਸ ਦੇ ਨਾਲ ਹੀ ਉਨ੍ਹਾਂ ਨੇ ਪਿੰਡ ਪਿੰਡ ਫਿਰ ਕੇ ਲੋਕਾਂ ਨੂੰ ਕਿਹਾ ਕਿ ਇਸ ਦੰਡ ਦੀ ਇਕ ਕੌਡੀ ਵੀ ਉਹ ਸਰਕਾਰ ਨੂੰ ਨਾ ਦੇਣ। ਘਬਰਾਈ ਹੋਈ ਬੋਰਸਦ ਦੀ ਜਨਤਾ ਵਿਚ ਵਲਭ ਭਾਈ ਨੇ ਸ਼ੇਰ ਵਰਗੀ ਦਲੇਰੀ ਪੈਦਾ ਕਰ ਦਿਤੀ। ਜਿਥੇ ਪਹਿਲਾਂ ਲੋਕੀ ਸਿਪਾਹੀ ਵੇਖ ਕੇ ਕੰਬ ਉਠਦੇ ਸਨ ਹੁਣ ਜਦੋਂ ਵੱਡੇ ਵੱਡੇ ਸਰਕਾਰੀ ਅਫਸਰ ਟੈਕਸ ਵਸੂਲ ਕਰਨ ਆਉਂਦੇ ਤਾਂ ਲੋਕੀ ਉਤਰ ਦਿੰਦੇ, 'ਜਾ ਭਾਈ ਜਾ, ਇਹੋ ਜਿਹੀਆਂ ਕਿੰਨੀਆਂ ਸਰਕਾਰਾਂ ਅਸੀਂ ਮਿੱਟੀ ਵਿਚ ਮਿਲਦੀਆਂ ਵੇਖੀਆਂ ਹਨ, ਕੋਈ ਟੈਕਸ ਟੂਕਸ ਨਹੀਂ ਮਿਲਦਾ।"

'ਅਫਸਰਾਂ ਨੂੰ ਲੋਕੀ ਕਹਿੰਦੇ, "ਆਪਣੇ ਨੇਤਾ ਵਲਭ ਭਾਈ ਬਿਨਾਂ ਅਸੀਂ ਕਿਸੇ ਦੀ ਕੋਈ ਗੱਲ ਮੰਨਣ ਲਈ ਤਿਆਰ ਨਹੀਂ।"

ਵਲਭ ਭਾਈ ਆਪਣੇ ਭਾਸ਼ਣਾਂ ਰਾਹੀਂ ਸਰਕਾਰ ਦੀ ਨਿਖੇਧੀ ਕਰ ਰਹੇ ਸਨ। ਲੋਕੀ ਹੁਣ ਜਾਗ ਪਏ ਸਨ। ਸਰਕਾਰ ਹੈਰਾਨ ਸੀ, ਕਿ ਇਹ ਕੀ ਹੋ ਗਿਆ ਹੈ ? ਜਨਤਾ ਵਿਚ ਇੰਨਾਂ ਜੋਸ਼ ਇੰਨੀ ਦਲੇਰੀ ਤੇ ਇੰਨਾ ਸਾਹਸ ਕਿਥੋਂ ਆ ਗਿਆ ਹੈ ? ਅੰਤ ਮਜਬੂਰ ਹੋ ਕੇ ਗਵਰਨਰ ਨੇ ਹੋਮ ਮੈਂਬਰ ਨੂੰ ਭੇਜ ਕੇ ਸਾਰੇ ਮਾਮਲੇ ਦੀ ਜਾਂਚ ਪੜਤਾਲ ਕਰਵਾਈ, ਤੇ ਦੋ ਲਖ ਚਾਲੀ ਹਜ਼ਾਰ ਰੁਪਏ ਦਾ ਟੈਕਸ ਮਾਫ ਕਰ ਦਿੱਤਾ। ਗੁਜਰਾਤੀ ਲੋਕਾਂ ਦੀ ਸਰਕਾਰ ਨਾਲ ਇਹ ਦੂਜੀ ਟੱਕਰ ਸੀ ਜਿਸ ਦੀ ਅਗਵਾਈ ਵਲਭ ਭਾਈ ਨੇ ਕੀਤੀ। ਇਸ ਵਾਰ ਸਰਕਾਰ ਨੂੰ ਮੂੰਹ ਦੀ ਖਾਣੀ ਪਈ। ਇਨ੍ਹਾਂ ਦੋਹਾਂ ਮੋਰਚਿਆਂ ਨੇ ਸਰਕਾਰ ਦੇ ਚੰਗੇ ਦੰਦ ਖੱਟੇ ਕੀਤੇ ਤੇ ਜਨਤਾ ਵਿਚ ਹੋਰ ਵੀ ਉਤਸ਼ਾਹ ਤੇ ਦਲੇਰੀ ਵਧ ਗਈ।

12 ਜਨਵਰੀ, 1924 ਨੂੰ ਗੁਜਰਾਤ ਵਾਸੀ ਬੋਰਸਦ ਦੀ ਜਿੱਤ ਦਾ ਦਿਨ ਮਨਾ ਰਹੇ ਸਨ। ਉਸੇ ਦਿਨ ਗਾਂਧੀ ਜੀ ਨੂੰ ਯਰਵਦਾ ਜੇਲ੍ਹ ਤੋਂ ਪੂਨੇ ਦੇ ਇਕ ਹਸਪਤਾਲ ਵਿਚ ਲਿਆਂਦਾ ਗਿਆ। ਇਥੇ ਉਨ੍ਹਾਂ ਦਾ "ਅਪੈਂਡੇਸਾਈਟਸ" ਦਾ ਓਪਰੇਸ਼ਨ ਕੀਤਾ ਗਿਆ ਹੈ 5 ਫਰਵਰੀ ਨੂੰ ਉਨ੍ਹਾਂ ਨੂੰ ਰਿਹਾ ਕਰ ਦਿੱਤਾ ਗਿਆ। ਰਿਹਾਈ ਮਗਰੋਂ ਵਲਭ ਭਾਈ ਉਨ੍ਹਾਂ ਨੂੰ ਮਿਲਣ ਗਏ। ਗਾਂਧੀ ਜੀ ਨੇ ਪ੍ਰਸੰਨ ਹੋ ਕੇ ਉਨ੍ਹਾਂ ਨੂੰ 'ਬੋਰਸਦ ਦਾ ਰਾਜਾ' ਦੇ ਖਿਤਾਬ ਨਾਲ ਯਾਦ ਕੀਤਾ। ਗਾਂਧੀ ਜੀ ਨੇ 'ਯੰਗ ਇੰਡੀਆ' ਅਤੇ 'ਨਵਜੀਵਨ ਵਿਚ ਨਾਗਪੁਰ ਅਤੇ ਬੋਰਸਦ ਦੇ ਸਤਿਆਗ੍ਰਹਿ ਬਾਰੇ ਜ਼ਿਕਰ ਕਰਦਿਆਂ ਲਿਖਿਆਂ, "ਇਨ੍ਹਾਂ ਦੋਹਾਂ ਮੋਰਚਿਆਂ ਦੀ ਜਿੱਤ ਦਾ ਸਿਹਰਾ ਵਲਭ ਭਾਈ ਦੇ ਸਿਰ ਹੈ। ਵਲਭ ਭਾਈ ਦੀ ਬਹਾਦਰੀ ਅਤੇ ਸਿਆਣਪ ਕਾਰਣ ਸਰਕਾਰ ਨੂੰ ਜਨਤਾ ਤੋਂ ਭਾਂਜ ਖਾਣੀ ਪਈ।"

-0-

# 4
# ਸੁਤੰਤਰਤਾ ਸੰਗਰਾਮ (II)

## ਕਾਂਗਰਸ ਵਿਚ ਦੋ ਦਲ

ਦਿੱਲੀ ਕਾਂਗਰਸ ਦੇ ਫੈਸਲੇ ਅਨੁਸਾਰ ਸਵਰਾਜ ਦਲ ਅਸੈਂਬਲੀਆਂ ਵਿਚ ਪਹੁੰਚ ਚੁੱਕਿਆ ਸੀ। ਹੁਣ ਕਾਂਗਰਸ ਅੰਦਰ ਦੋ ਪਾਰਟੀਆਂ ਹੋ ਗਈਆਂ ਸਨ। ਲੋਕੀ ਖੁਸ਼ ਨਹੀਂ ਸਨ। ਉਹ ਸਮਝਦੇ ਸਨ ਕਿ ਇਸ ਤਰ੍ਹਾਂ ਦੇਸ਼ ਨੂੰ ਹਾਨੀ ਪਹੁੰਚ ਰਹੀ ਹੈ। ਇਨ੍ਹੀਂ ਦਿਨੀਂ ਗਾਂਧੀ ਜੀ ਜੂਹੂ ਵਿਚ ਸਨ। ਉਨ੍ਹਾਂ ਦੀ ਸਿਹਤ ਅੱਛੀ ਨਹੀਂ ਸੀ। ਇਸ ਲਈ ਡਾਕਟਰਾਂ ਨੇ ਉਨ੍ਹਾਂ ਨੂੰ ਆਰਾਮ ਕਰਨ ਦੀ ਸਲਾਹ ਦਿਤੀ ਸੀ। ਜੁਹੂ ਵਿਚ ਹੀ ਉਨ੍ਹਾਂ ਨੂੰ ਸਵਰਾਜ ਦਲ ਦੇ ਮੋਢੀ ਪੰਡਤ ਮੋਤੀ ਲਾਲ ਨਹਿਰੂ ਅਤੇ ਦੇਸ਼ ਬੰਧੂ ਦਾਸ ਮਿਲਣ ਗਏ। ਉਨ੍ਹਾਂ ਨੇ ਗਾਂਧੀ ਜੀ ਨੂੰ ਕਿਹਾ, ਕਿ ਅਸੈਂਬਲੀਆਂ ਵਿਚ ਜਾ ਕੇ ਅਸੀਂ ਛੇਤੀ ਹੀ ਸਵਰਾਜ ਪ੍ਰਾਪਤ ਕਰ ਸਕਦੇ ਹਾਂ। ਗਾਂਧੀ ਜੀ ਦੀ ਉਨ੍ਹਾਂ ਦੇ ਵਿਚਾਰ ਨਾਲ ਤਸੱਲੀ ਨਾ ਹੋਈ। ਉਨ੍ਹਾਂ ਨੇ ਅਖਬਾਰਾਂ ਵਿਚ ਆਪਣੇ ਵਿਚਾਰ ਲਿਖੇ ਜਿਸ ਵਿਚ ਉਨ੍ਹਾਂ ਕਿਹਾ, "ਸਵਰਾਜ ਦਲ ਵਾਲੇ ਸਾਥੀਆਂ ਦੀਆਂ ਜ਼ੋਰਦਾਰ ਦਲੀਲਾਂ ਕੋਸ਼ਿਸ਼ ਕਰਨ ਤੇ ਵੀ ਮੇਰੇ ਗਲਿਉਂ ਹੇਠਾਂ ਨਹੀਂ ਉਤਰ ਸਕੀਆਂ। ਸਾਡੇ ਵਿਚਕਾਰ ਵਿਚਾਰਾਂ ਦਾ ਬੜਾ ਭਾਰੀ ਫ਼ਰਕ ਹੈ। ਜੋ ਦਲੀਲਾਂ ਨਾਲ ਦੂਰ ਨਹੀਂ ਹੋ ਸਕਦਾ। ਮੇਰੀ ਪੱਕੀ ਰਾਇ ਹੈ ਕਿ ਸਾਨੂੰ ਅਸੈਂਬਲੀਆਂ ਵਿਚ ਨਹੀਂ ਜਾਣਾ ਚਾਹੀਦਾ।"

27 ਜੂਨ ਨੂੰ ਅਹਿਮਦਾਬਾਦ ਵਿਖੇ ਦੋਹਾਂ ਪਾਰਟੀਆਂ ਦੀ ਮੀਟਿੰਗ ਬੁਲਾਈ ਗਈ ਤਾਂ ਜੋ ਉਨ੍ਹਾਂ ਦੇ ਮਤ-ਭੇਦ ਦੂਰ ਹੋ ਸਕਣ। ਇਸ ਸਮੇਂ ਗਾਂਧੀ ਜੀ ਨੇ ਪ੍ਰਧਾਨ ਦੇ ਨਾਂ ਇਕ ਖੁਲ੍ਹੀ ਚਿੱਠੀ ਲਿਖੀ। ਚਿੱਠੀ ਵਿਚ ਉਨ੍ਹਾਂ ਨੇ ਲਿਖਿਆ, "ਜੇਕਰ ਅਸੀਂ ਚਾਹੁੰਦੇ ਹਾਂ ਕਿ ਸਰਕਾਰੀ ਮਹਿਕਮਿਆਂ ਵਿਚ ਅੰਗਰੇਜ਼ਾਂ ਦੀ ਥਾਂ ਭਾਰਤੀ ਭਰ ਦਿੱਤੇ ਜਾਣ ਤਾਂ ਮੈਂ ਇਸ ਨੂੰ ਬਿਲਕੁਲ ਬੇਅਰਥ ਅਤੇ ਦੇਸ਼ ਲਈ ਹਾਨੀਕਾਰਕ ਸਮਝਦਾ ਹਾਂ। ਸਰਕਾਰ ਦੀ ਨੀਤੀ ਸਾਨੂੰ ਅੰਗਰੇਜ਼ ਬਣਾ ਦੇਂਦੀ ਹੈ। ਸਾਨੂੰ ਅੰਗਰਜ਼ ਬਣਾਕੇ ਸਾਡੇ ਅੰਗਰੇਜ਼ ਮਾਲਕ ਸਾਰੇ ਅਧਿਕਾਰ ਸਾਡੇ ਹਵਾਲੇ ਨਹੀ ਕਰ ਦੇਣਗੇ। ਹਾਂ, ਉਹ ਸਾਨੂੰ ਆਪਣੇ ਏਜੰਟ ਜ਼ਰੂਰ ਬਣਾ ਲੈਣਗੇ। ਮੇਰੀ ਇਸ ਗੱਲ ਵਿਚ ਬਿਲਕੁਲ ਹੀ ਦਿਲਚਸਪੀ ਨਹੀਂ। ਮੈਂ ਆਪਣੇ। ਸਾਰੀ ਸ਼ਕਤੀ ਲਗਾਕੇ ਸਰਕਾਰ ਨਾਲ ਲੜਾਂਗਾ।"

"ਸਾਡਾ ਸਵਰਾਜ ਸਾਡੀ ਆਜ਼ਾਦੀ ਹੈ।"

## ਨਗਰਪਾਲਕਾਂ ਦੀ ਪ੍ਰਧਾਨਗੀ ਤੋਂ ਅਸਤੀਫਾ

1924 ਵਿਚ ਅਹਿਮਦਾਬਾਦ ਦੀ ਨਗਰਪਾਲਕਾ ਨੂੰ ਸਰਕਾਰ ਨੇ ਮੁੜ ਬਹਾਲ ਕਰ ਦਿੱਤਾ। ਨਵੀਆਂ ਚੋਣਾਂ ਵਿਚ 48 ਵਿਚੋਂ 35 ਸੀਟਾਂ ਵਲਭ ਭਾਈ ਦੀ ਪਾਰਟੀ ਨੇ ਜਿਤੀਆਂ ਵਲਭ ਭਾਈ ਨਗਰ ਪਾਲਕਾ ਦੇ ਪ੍ਰਧਾਨ ਚੁਣੇ ਗਏ। 1927 ਵਿਚ ਦੋਬਾਰਾ ਹੋਈਆਂ ਚੋਣਾਂ ਵਿਚ ਵੀ ਵਲਭ ਭਾਈ ਦੁਬਾਰਾ ਕਮੇਟੀ ਦੇ ਪ੍ਰਧਾਨ ਚੁਣ ਲਏ ਗਏ। ਆਪਣੀ ਪ੍ਰਧਾਨਗੀ ਸਮੇਂ ਵਲਭ ਭਾਈ ਨੇ ਸ਼ਹਿਰ ਨੂੰ ਸਾਫ ਸੁਥਰਾ ਰੱਖਣ, ਬੱਚਿਆ ਦੀ ਵਿਦਿਆ, ਪਾਣੀ ਅਤੇ ਰੋਸ਼ਨੀ ਆਦਿ ਸਬੰਧੀ ਬਹੁਤ ਚੰਗੇ ਕੰਮ ਕੀਤੇ। 16 ਅਪਰੈਲ 1928 ਨੂੰ ਉਨ੍ਹਾਂ ਨੇ ਨਗਰਪਾਲਕਾ ਦੀ ਪ੍ਰਧਾਨਗੀ ਤੋਂ ਅਸਤੀਫ਼ਾ ਦੇ ਦਿੱਤਾ।

## ਹੜ੍ਹਾਂ ਨਾਲ ਬਰਬਾਦੀ

1927 ਵਿਚ ਗੁਜਰਾਤ ਦੇ ਇਕ ਵੱਡੇ ਹਿੱਸੇ ਵਿਚ ਲਗਾਤਾਰ ਇਕ ਹਫ਼ਤਾ ਬਾਰਸ਼ ਹੋਣ ਕਾਰਣ ਹੜ੍ਹ ਆ ਗਏ। ਇਨ੍ਹਾਂ ਹੜ੍ਹਾਂ ਨਾਲ ਬਹੁਤ ਸਾਰਾ ਜਾਨੀ ਤੇ ਮਾਲੀ ਨੁਕਸਾਨ ਹੋਇਆ। ਹਜ਼ਾਰਾਂ ਮਕਾਨ ਡਿੱਗ ਪਏ ਤੇ ਖੜੀਆਂ ਫਸਲਾਂ ਬਰਬਾਦ ਹੋ ਗਈਆਂ। ਹਜ਼ਾਰਾਂ ਜਾਨਵਰ ਪਾਣੀ ਵਿਚ ਰੁੜ੍ਹ ਗਏ। ਚੁਪਾਸੀਂ ਮੁਸੀਬਤ ਵਿਚ ਫਸੇ ਲੋਕਾਂ ਵਿਚ ਹਾਹਾਕਾਰ ਮਚੀ ਹੋਈ ਸੀ। ਇਸ ਸਮੇਂ ਵਲਭ ਭਾਈ ਗੁਜਰਾਤ ਵਾਸੀਆਂ ਦੀ ਮਦਦ ਨੂੰ ਬਹੁੜੇ ਮਾਨੋਂ ਅਕਾਸ਼ੋਂ ਕੋਈ ਫ਼ਰਿਸ਼ਤਾ ਇਸ ਮੁਸੀਬਤ ਸਮੇਂ ਧਰਤੀ ਤੇ ਆਣ ਉਤਰਿਆ ਹੋਵੇ।

ਉਸ ਸਮੇਂ ਵਲਭ ਭਾਈ ਅਹਿਮਦਾਬਾਦ ਦੀ ਨਗਰਪਾਲਕਾ ਦੇ ਪ੍ਰਧਾਨ ਸਨ। ਕਮੇਟੀ ਵਲੋਂ ਉਨ੍ਹਾਂ ਨੇ ਹੜ੍ਹ ਪੀੜਤਾਂ ਦੀ ਜੋ ਵੀ ਸੰਭਵ ਸੀ, ਸਹਾਇਤਾ ਕੀਤੀ। ਉਹ ਆਪ ਆਪਣੇ ਸਾਥੀਆਂ ਨੂੰ ਨਾਲ ਲੈ ਕੇ ਇਸ ਔਖੇ ਸਮੇਂ ਪਿੰਡ ਪਿੰਡ ਪਹੁੰਚੇ। ਉਨ੍ਹਾਂ ਦੇ ਵੱਡੇ ਵੀਰ ਵਿਠਲ ਭਾਈ ਪਟੇਲ ਉਨ੍ਹੀਂ ਦਿਨੀਂ ਅਸੈਂਬਲੀ ਦੇ ਸਪੀਕਰ ਸਨ। ਉਨ੍ਹਾਂ ਨੂੰ ਵਲਭ ਭਾਈ ਨੇ ਚਿੱਠੀ ਲਿਖੀ ਕਿ ਉਹ ਹੜ੍ਹ ਪੀੜਤ ਲੋਕਾਂ ਦੀ ਸਹਾਇਤਾ ਲਈ ਜਲਦੀ ਪਹੁੰਚਣ। ਚਿੱਠੀ ਮਿਲਦਿਆਂ ਹੀ ਵਿਠਲ ਭਾਈ ਦੌੜਦੇ ਆਏ। ਉਹ ਪੂਰੇ ਦੋ ਮਹੀਨੇ ਉਜੜੇ ਲੋਕਾਂ ਦੀ ਸਹਾਇਤਾ ਕਰਦੇ ਰਹੇ। ਉਨ੍ਹਾਂ ਨੇ ਵਾਇਸਰਾਏ ਨੂੰ ਗੁਜਰਾਤ ਬੁਲਾਇਆ ਜਿਸ ਨੇ ਆਪਣੀ ਅੱਖੀਂ ਲੋਕਾਂ ਦੀ ਤਰਸਯੋਗ ਹਾਲਤ ਵੇਖੀ। ਵਾਇਸਰਾਏ, ਵਲਭ ਭਾਈ ਦੀ ਲੋਕ ਸੇਵਾ ਤੇ ਬਹੁਤ ਪ੍ਰਸੰਨ ਹੋਇਆ ਤੇ ਉਨ੍ਹਾਂ ਨੂੰ ਆਪਣੇ ਫੰਡ ਵਿਚੋਂ ਇਕ ਕਰੋੜ ਰੁਪਿਆ ਹੜ੍ਹ ਪੀੜਤਾਂ ਦੀ ਸਹਾਇਤਾ ਲਈ ਦੇ ਦਿੱਤਾ।

ਇਨ੍ਹੀਂ ਦਿਨੀਂ ਗਾਂਧੀ ਜੀ ਬੰਗਲੌਰ ਵਿਚ ਬੀਮਾਰ ਸਨ। ਉਨ੍ਹਾਂ ਵਲਭ ਭਾਈ ਨੂੰ ਚਿੱਠੀ ਲਿਖੀ ਕਿ ਇਸ ਔਖੀ ਘੜੀ ਉਹ ਸੇਵਾ ਲਈ ਆਉਣ ਲਈ ਤਿਆਰ ਹਨ। ਵਲਭ ਭਾਈ ਨੇ ਜਵਾਬੀ ਪੱਤਰ ਪਾਇਆ :

"ਪਿਆਰੇ ਬਾਪੂ ਜੀ,

ਤੁਸੀਂ ਸਾਨੂੰ ਦਸ ਸਾਲ ਤੋਂ ਲੋਕ ਸੇਵਾ ਲਈ ਸਬਕ ਦਿੰਦੇ ਆਏ ਹੋ। ਉਸ ਸਿਖਿਆ ਤੇ ਅਸੀਂ ਕਿੰਨਾ ਕੁ ਅਮਲ ਕਰ ਰਹੇ ਹਾਂ। ਇਹ ਵੇਖਣਾ ਹੋਵੇ, ਤਾਂ ਜ਼ਰੂਰ ਆਉ।"

ਇਸ ਮੁਸੀਬਤ ਸਮੇਂ ਵਲਭ ਭਾਈ ਦੀ ਇਕੋ ਇਕ ਇੱਛਾ ਸੀ ਕਿ ਕੋਈ ਭੁੱਖਾ ਨਾ ਮਰੇ। ਕੱਪੜੇ ਬਿਨਾਂ ਕੋਈ ਨਾ ਰਹੇ, ਬੀਜ ਬਿਨਾਂ ਗੁਜਰਾਤ ਦੀ ਧਰਤੀ ਦਾ ਇਕ ਖੇਤ ਵੀ ਖ਼ਾਲੀ ਨਾ ਰਹੇ। ਉਨ੍ਹਾਂ ਨੇ ਦੇਸ਼ ਵਾਸੀਆਂ ਤੇ ਸਰਕਾਰ ਵਲੋਂ, ਲੋਕਾਂ ਦੀ ਰੱਜ ਕੇ ਮਦਦ ਕਰਾਈ। ਢਹੇ ਮਕਾਨ ਮੁੜ ਉਸਾਰੇ ਗਏ। ਤਬਾਹ ਹੋਈਆਂ ਖੇਤੀਆਂ ਵਿਚ ਫਿਰ ਬੀਜ ਸੁਟੇ ਗਏ ਜਿਸ ਨਾਲ ਬਰਬਾਦ ਲੋਕਾਂ ਵਿਚ ਮੁੜ ਉਤਸ਼ਾਹ ਭਰਿਆ ਗਿਆ।

ਗਾਂਧੀ ਜੀ ਨੇ ਬੀਮਾਰੀ ਦੀ ਹਾਲਤ ਵਿਚ ਵੀ ਦੇਸ਼ ਵਾਸੀਆਂ ਅੱਗੇ ਸਹਾਇਤਾ ਲਈ ਬੜੇ ਦਰਦਨਾਕ ਸ਼ਬਦਾਂ ਵਿਚ ਅਪੀਲ ਕੀਤੀ। ਜਿਸਦਾ ਅਸਰ ਇਹ ਹੋਇਆ ਕਿ ਸਾਰੇ ਦੇਸ਼ ਵਿਚੋਂ ਗੁਜ਼ਰਾਤ ਵਿਚ ਸਹਾਇਤਾ ਆਉਣੀ ਸ਼ੁਰੂ ਹੋ ਗਈ। ਇਸ ਔਕੜ ਸਮੇਂ ਸਰਕਾਰ ਨੇ ਵੀ ਬੜੀ ਸਹਾਇਤਾ ਕੀਤੀ। ਸਰਕਾਰ ਵਲੋਂ ਮਿ: ਗੈਰੇਟ ਨੂੰ ਸਪੈਸ਼ਲ ਅਫ਼ਸਰ ਬਣਾਕੇ ਲੋਕਾਂ ਦੀ ਮਦਦ ਲਈ ਘੱਲਿਆ ਗਿਆ। ਗੈਰੇਟ ਨੇ ਜਦ ਵਲਭ ਭਾਈ ਅਤੇ ਉਨ੍ਹਾਂ ਦੇ ਸਾਥੀਆਂ ਨੂੰ ਦਿਨ ਰਾਤ ਜਾਨ ਮਾਰ ਕੇ ਸੇਵਾ ਕਰਦਿਆਂ ਵੇਖਿਆ ਤਾਂ ਉਹ ਬਹੁਤ ਖੁਸ਼ ਹੋਇਆ। ਉਹ ਵਲਭ ਭਾਈ ਨੂੰ ਮਿਲ ਕੇ ਕਹਿਣ ਲੱਗਾ, "ਸਰਦਾਰ, ਤੁਹਾਡੀ ਲਗਨ ਵੇਖਕੇ ਮੈਨੂੰ ਬੜੀ ਖੁਸ਼ੀ ਹੋਈ ਹੈ। ਮੇਰਾ ਜੀ ਕਰਦਾ ਹੈ ਕਿ ਸਰਕਾਰ ਪਾਸ ਤੁਹਾਨੂੰ ਤੇ ਤੁਹਾਡੇ ਸਾਥੀਆਂ ਨੂੰ ਇਨਾਮੀ ਮੈਡਲ ਦੇਣ ਦੀ ਸਿਫਾਰਸ਼ ਕਰਾਂ।"

ਵਲਭ ਭਾਈ ਨੇ ਉਤਰ ਦਿੱਤਾ, "ਸਾਡੇ ਵਿਚੋਂ ਕੋਈ ਬੰਦਾ ਵੀ ਵਿਖਾਵੇ ਲਈ ਇਹ ਕੰਮ ਨਹੀਂ ਕਰ ਰਿਹਾ। ਨਾ ਹੀ ਕਿਸੇ ਨੂੰ ਇਨਾਮ ਜਾਂ ਪ੍ਰਸ਼ੰਸਾ ਦੀ ਲੋੜ ਹੈ। ਸਾਨੂੰ ਤਾਂ ਮੈਡਲਾਂ- ਦੀ ਕੋਈ ਲੋੜ ਨਹੀਂ।'

**ਬਾਰਦੋਲੀ ਸਤਿਆਗ੍ਰਹਿ :**

ਸੰਨ 1921 ਵਿਚ ਬਾਰਦੌਲੀ ਸਤਿਆਗ੍ਰਹਿ ਬੜੇ ਜ਼ੋਰਾਂ ਸ਼ੋਰਾਂ ਨਾਲ ਸ਼ੁਰੂ ਹੋ ਗਿਆ ਸੀ। ਉਸ ਸਮੇਂ ਗਾਂਧੀ ਜੀ ਨੇ ਕਿਹਾ ਸੀ ਕਿ ਇਕ ਸਾਲ ਦੇ ਅੰਦਰ ਅੰਦਰ ਅਸੀਂ ਸਵਰਾਜ ਪ੍ਰਾਪਤ ਕਰ ਲਵਾਂਗੇ ਪਰ ਚੌਰਾ ਚੌਰੀ ਦੀ ਦੁਖਦਾਈ ਘਟਨਾ ਕਾਰਣ ਇਹ ਮੋਰਚਾ ਵਿੱਚੇ ਹੀ ਛੱਡਣਾ ਪਿਆ।

1928 ਵਿਚ ਬਾਰਦੌਲੀ ਦੇ ਇਲਾਕੇ ਵਿਚ ਕਿਸਾਨਾਂ ਤੇ ਪਹਿਲਾਂ ਨਾਲੋਂ 30 ਪ੍ਰਤੀਸ਼ਤ ਲਗਾਨ ਵਧਾ ਦਿੱਤਾ ਗਿਆ। ਕਿਸਾਨਾਂ ਦੀ ਹਾਲਤ ਪਹਿਲਾਂ ਹੀ ਬੜੀ ਪਤਲੀ ਸੀ। ਇਸ ਲਗਾਨ ਨਾਲ ਉਹ ਬੜੇ ਦੁਖੀ ਹੋਏ। ਉਹ ਟੈਕਸ ਦੇਣ ਦੇ ਯੋਗ ਹੀ ਨਹੀਂ ਸਨ।

ਬਾਰਦੌਲੀ ਦੀ ਜਨਤਾ ਨੇ ਇਸ ਔਖੀ ਘੜੀ ਫਿਰ ਆਪਣੇ ਬੇ-ਗਰਜ਼ ਤੇ ਹਮਦਰਦ ਨੇਤਾ ਵਲਭ ਭਾਈ ਨੂੰ ਪੁਕਾਰਿਆ। ਵਲਭ ਭਾਈ ਹਾਲਾਂ ਹੜ੍ਹ ਪੀੜਤਾਂ ਦੀ ਸਹਾਇਤਾ ਦੇ ਕੰਮ ਵਿਚ ਲੱਗੇ ਹੋਏ ਸਨ। ਬਾਰਦੌਲੀ ਦੀ ਦੁਖੀ ਜਨਤਾ ਦੀ ਇਸ ਪੁਕਾਰ ਤੇ ਉਹ ਫੌਰਨ ਪਹੁੰਚੇ। ਇਸ ਗੱਲ ਨੂੰ ਉਹ ਕਿਸੇ ਤਰ੍ਹਾਂ ਵੀ ਸਹਿਨ ਨਹੀਂ ਸਨ ਕਰ ਸਕਦੇ ਕਿ ਉਨ੍ਹਾਂ ਦੇ ਦੁਖੀ ਤੇ ਗਰੀਬ ਦੇਸ਼ ਵਾਸੀ ਕਿਸਾਨ ਡਰਨ ਤੇ ਦੁਖੀ ਹੋਣ। ਉਹ ਕਹਿੰਦੇ ਸਨ, " ਮੈਨੂੰ ਕਿਸਾਨ ਵੀਰਾਂ ਨੂੰ ਦੁਖੀ ਵੇਖ ਕੇ ਬੜੀ ਸ਼ਰਮ ਆਉਂਦੀ ਹੈ। ਕਿਸਾਨਾਂ ਨੂੰ ਮੈਂ ਆਪਣੇ ਪੈਰਾਂ ਤੇ ਖੜੋਤਾ ਵੇਖਣਾ ਚਾਹੁੰਦਾ ਹਾਂ। ਉਹ ਸਿਰ ਉਚਾ ਕਰਕੇ ਚੱਲਣ, ਤਾਂ ਮੈਨੂੰ ਖੁਸ਼ੀ ਹੁੰਦੀ ਹੈ। ਜੇ ਮੈਂ ਇਨ੍ਹਾਂ ਲਈ ਕੁਝ ਕਰ ਸਕਾਂ ਤਾਂ ਮੈਂ ਆਪਣਾ ਜੀਵਨ ਸਫ਼ਲ ਸਮਝਾਂਗਾ।"

ਉਹ ਕਿਹਾ ਕਰਦੇ ਸਨ, "ਕਿਸਾਨ ਦੇਸ਼ ਦੀ ਰੀੜ੍ਹ ਦੀ ਹੱਡੀ ਹਨ। ਉਹ ਸਾਲ ਭਰ ਗਰਮੀਆਂ ਸਰਦੀਆਂ ਵਿਚ ਆਪਣੇ ਸ਼ਰੀਰ ਦੀ ਪਰਵਾਹ ਨਾ ਕਰਦੇ ਹੋਏ ਖੇਤੀ ਦਾ ਕੰਮ ਕਰਦੇ ਰਹਿੰਦੇ ਹਨ। ਉਹ ਸਾਰੇ ਦੇਸ਼ ਲਈ ਅੰਨ ਪੈਦਾ ਕਰਦੇ ਹਨ ਪਰ ਸਾਲ ਮਗਰੋਂ ਉਸਦੇ ਆਪਣੇ ਖਾਣ ਲਈ ਘਰ ਵਿਚ ਅੰਨ ਨਹੀਂ ਹੁੰਦਾ। ਉਹ ਸਦਾ ਕਰਜ਼ੇ ਹੇਠਾਂ ਦਬੇ ਰਹਿੰਦੇ ਹਨ। ਉਨ੍ਹਾਂ ਦੀਆਂ ਪਤਨੀਆਂ ਅਤੇ ਬੱਚੇ ਸਭ ਭੁੱਖੇ ਮਰਦੇ ਹਨ।" ਕਿਸਾਨਾਂ ਦੀ ਇਹ ਹਾਲਤ ਵੇਖ ਵਲਭ ਭਾਈ ਨੂੰ ਬੜਾ ਦੁੱਖ ਹੁੰਦਾ ਸੀ।

ਵਲਭ ਭਾਈ ਨੇ ਬਾਰਦੌਲੀ ਕਾਂਗਰਸ ਨੂੰ ਸਾਰੇ ਮਾਮਲੇ ਦੀ ਪੜਤਾਲ ਲਈ ਲਿਖਿਆ। ਉਥੋਂ ਰਿਪੋਟ ਆਉਣ ਤੇ ਉਹ ਆਪ ਬਾਰਦੌਲੀ ਪੁੱਜੇ। ਕਿਸਾਨਾਂ ਨੂੰ ਇਕੱਠਿਆਂ ਕੀਤਾ। ਉਨ੍ਹਾਂ ਦੇ ਸਾਰੇ ਹਾਲਾਤ ਤੋਂ ਵਾਕਫੀ ਪ੍ਰਾਪਤ ਕੀਤੀ। ਕਿਸਾਨਾਂ ਨੂੰ ਉਨ੍ਹਾਂ ਨੇ ਸਾਫ਼ ਸਾਫ਼ ਦਸ ਦਿੱਤਾ. ਕਿ "ਜੇ ਸਰਕਾਰ ਨਾਲ ਲੜਾਈ ਲੜਨੀਂ ਹੈ ਤਾਂ ਕਈ ਮੁਸੀਬਤਾਂ ਦਾ ਸਾਹਮਣਾ ਕਰਨਾ ਪਵੇਗਾ। ਤੁਹਾਡੇ ਖੇਤ, ਤੁਹਾਡੇ ਮਾਲ ਡੰਗਰ ਅਤੇ ਮਕਾਨ ਆਦਿ ਕੁਰਕ ਹੋ ਸਕਦੇ ਹਨ। ਜੇ ਇਨ੍ਹਾਂ ਸਾਰੀਆਂ ਮੁਸ਼ਕਲਾਂ ਦਾ ਮੁਕਾਬਲਾ ਕਰਨ ਲਈ ਤਿਆਰ ਹੋ ਤਾਂ ਹੀ ਮੈਦਾਨ ਵਿਚ ਨਿਤਰੋ। ਮੇਰੇ ਨਾਲ ਮਖੌਲ ਨਾ ਕੀਤਾ ਜਾਵੇ। ਮੈਂ ਅਜਿਹੇ ਕੰਮਾਂ ਨੂੰ ਹੱਥ ਨਹੀਂ ਪਾਉਂਦਾ ਜਿਨ੍ਹਾਂ ਵਿਚ ਕਠਨਾਈਆਂ ਨਾ ਹੋਣ। ਜਿਹੜੇ ਕਿਸਾਨ ਦੁੱਖ ਮੁਸੀਬਤਾਂ ਸਹਾਰਨ ਲਈ ਤਿਆਰ ਹਨ, ਮੈਂ ਉਨ੍ਹਾਂ ਦਾ ਸਾਥ ਦਿਆਂਗਾ, ਦੂਜਿਆਂ ਦਾ ਨਹੀਂ।"

ਲੋਕਾਂ ਨੇ ਸਰਦਾਰ ਦੀ ਗੱਲ ਦੀ ਹਾਮੀ ਭਰੀ ਤੇ ਹਰ ਤਰ੍ਹਾਂ ਦੀਆਂ ਮੁਸੀਬਤਾਂ ਸਹਿਣ ਦਾ ਵਚਨ ਦਿੱਤਾ। ਵਲਭ ਭਾਈ ਨੇ ਉਨ੍ਹਾਂ ਨਾਲ ਇਕ ਹਫਤੇ ਮਗਰੋਂ ਬਾਰਦੌਲੀ ਆਉਣ ਦਾ ਇਕਰਾਰ ਕੀਤਾ। ਅਹਿਮਦਾਬਾਦ ਪਹੁੰਚ ਕੇ ਉਨ੍ਹਾਂ ਗਵਰਨਰ ਨੂੰ ਚਿੱਠੀ ਲਿਖੀ। ਚਿੱਠੀ ਵਿਚ ਲਿਖਿਆ ਕਿ ਕਿਸਾਨਾਂ ਨਾਲ ਇਨਸਾਫ ਕੀਤਾ ਜਾਵੇ। ਇਸ ਸਮੇਂ ਵਧੇ ਹੋਏ ਲਗਾਨ ਦੀ ਵਸੂਲੀ ਬਿਲਕੁਲ ਬੰਦ ਕਰ ਦਿਤੀ ਜਾਵੇ। ਸਾਰੇ ਮਾਮਲੇ ਦੀ ਮੁੜ ਨਵੇਂ ਸਿਰਿਉਂ ਪੜਤਾਲ

ਕਰਵਾਈ ਜਾਵੇ। ਜੇ ਬਾਰਦੌਲੀ ਸਤਿਆਗ੍ਰਹਿ ਇਕ ਵਾਰ ਆਰੰਭ ਹੋ ਗਿਆ ਤਾਂ ਉਸ ਦੇ ਭਿਆਨਕ ਨਤੀਜੇ ਨਿਕਲਣਗੇ। ਜੇ ਚਾਹੋ ਤਾਂ ਹਾਲੀਂ ਵੀ ਜਨਤਾ ਦੀ ਲੜਾਈ ਰੁਕ ਸਕਦੀ ਹੈ।

ਇਸ ਚਿੱਠੀ ਦਾ ਗਵਰਨਰ ਦੇ ਸਕੱਤਰ ਵਲੋਂ ਜਵਾਬ ਮਿਲਿਆ ਕਿ ਤੁਹਾਡਾ ਪੱਤਰ ਸਬੰਧਤ ਮਹਿਕਮੇਂ ਪਾਸ ਵਿਚਾਰ ਲਈ ਘਲ ਦਿੱਤਾ ਗਿਆ ਹੈ।

ਜਿਹੜੇ ਸਰਕਾਰੀ ਮਹਿਕਮੇਂ ਕਿਸੇ ਸੁਝਾਅਅ ਜਾਂ ਚਿੱਠੀ ਤੇ ਅਮਲ ਨਹੀਂ ਕਰਨਾ ਚਾਹੁੰਦੇ, ਉਹ ਅਜਿਹਾ ਉੱਤਰ ਹੀ ਦਿੰਦੇ ਹਨ ਕਿ ਇਨ੍ਹਾਂ ਤੇ ਸਰਕਾਰ ਗੌਰ ਕਰ ਰਹੀ ਹੈ ਤੇ ਇਹ ਗੌਰ ਕਦੀ ਹੁੰਦਾ ਹੀ ਨਹੀਂ। ਵਲਭ ਭਾਈ ਨੇ ਬਾਰਦੌਲੀ ਦੇ ਕਿਸਾਨਾਂ ਪਾਸੋਂ ਕੇਵਲ ਇਕ ਹਫਤੇ ਦੀ ਮੁਹਲਤ ਮੰਗੀ ਸੀ। ਉਹ ਹਫਤਾ ਪੂਰਾ ਹੋ ਗਿਆ ਤੇ ਉਹ ਬਾਰਦੌਲੀ ਜਾ ਪਹੁੰਚੇ। ਉਨ੍ਹਾਂ ਨੇ ਲੋਕਾਂ ਨੂੰ ਉਤਸ਼ਾਹ ਦਿੱਤਾ। ਉਨ੍ਹਾਂ ਨੂੰ ਆਉਣ ਵਾਲੇ ਖਤਰੇ ਤੋਂ ਜਾਣੂੰ ਕਰਾਇਆ। ਉਨ੍ਹਾਂ ਨੇ ਆਪ ਪਿੰਡ ਪਿੰਡ ਫਿਰ ਕੇ ਲੋਕਾਂ ਦੇ ਵਿਚਾਰ ਸੁਣੇ। ਹਰ ਥਾਂ ਮਰਦ, ਇਸਤਰੀਆਂ ਤੇ ਨੌਜਵਾਨ ਇਸ ਅੰਦੋਲਨ ਲਈ ਤਿਆਰ ਸਨ। ਅੰਤ ਉਨ੍ਹਾਂ ਨੇ ਲੋਕਾਂ ਨੂੰ ਕਿਹਾ "ਕਿਸਾਨ ਭੈਣੋ ਤੇ ਭਰਾਓ ! ਇਸ ਲੜਾਈ ਵਿਚ ਖਤਰਾ ਹੀ ਖ਼ਤਰਾ ਹੈ। ਖਤਰੇ ਭਰਿਆ ਕੰਮ ਨਾ ਕੀਤਾ ਜਾਵੇ ਤਾਂ ਠੀਕ ਹੈ, ਪਰ ਜੇ ਇਕ ਵਾਰ ਖਤਰੇ ਵਿਚ ਛਾਲ ਮਾਰ ਦਿਤੀ ਤਾਂ ਕਿਸੇ ਕੀਮਤ ਤੇ ਪਿੱਛੇ ਨਹੀਂ ਹਟਣਾ ਚਾਹੀਦਾ। ਇਸ ਲੜਾਈ ਵਿਚ ਤੁਸੀਂ ਹਾਰ ਗਏ ਤਾਂ ਦੇਸ਼ ਭਰ ਵਿਚ ਬਦਨਾਮੀ ਹੋਵੇਗੀ। ਤਕੜੇ ਹੋ ਕੇ ਲੜੋਗੇ, ਤਾਂ ਦੇਸ਼ ਦੀ ਸ਼ਾਨ ਦੁਗਣੀ ਹੋ ਜਾਵੇਗੀ। ਤੁਹਾਡੀ ਹਾਰ ਨਾਲ ਦੇਸ਼ ਹੋਰ ਸੌ ਸਾਲ ਪਿੱਛੇ ਜਾ ਪਵੇਗਾ। ਜੋ ਕਰਨਾ ਹੈ ਤੁਸੀਂ ਹੀ ਕਰਨਾ ਹੈ। ਇਸ ਅੱਗ ਵਿਚ ਕੁਦਣ ਤੋਂ ਪਹਿਲਾਂ ਪੂਰੀ ਤਰ੍ਹਾਂ ਵਿਚਾਰ ਲਉ।"

ਇਸ ਤਰ੍ਹਾਂ ਬੜੀ ਤਕੜੀ ਸਰਕਾਰ ਨਾਲ ਟੱਕਰ ਲੈਣ ਲਈ ਵਲਭ ਭਾਈ ਨੇ ਬਾਰਦੌਲੀ ਵਾਸੀ ਕਿਸਾਨਾਂ ਨੂੰ ਤਿਆਰ ਕੀਤਾ। ਗਾਂਧੀ ਜੀ ਉਨ੍ਹੀਂ ਦਿਨੀਂ ਅਹਿਮਦਾਬਾਦ ਵਿਚ ਸਨ। ਉਨ੍ਹਾਂ ਨੂੰ ਸਾਰੀ ਹਾਲਤ ਦਸਕੇ ਉਨ੍ਹਾਂ ਤੋਂ ਵੀ ਅਸ਼ੀਰਵਾਦ ਮੰਗੀ ਗਈ।

ਬਾਰਦੌਲੀ ਤਲੁਕੇ ਦੀ ਇਕ ਮੀਟਿੰਗ ਬੁਲਾਈ ਗਈ। ਜਿਸ ਵਿਚ ਬੰਬਈ ਅਸੈਂਬਲੀ ਦੇ ਤਿੰਨ ਮੈਂਬਰ ਵੀ ਸ਼ਾਮਲ ਸਨ। ਇਸ ਸਭਾ ਵਿਚ ਇਹ ਮਤਾ ਪਾਸ ਕੀਤਾ ਗਿਆ ਕਿ ਸਰਕਾਰ ਨੇ ਕਿਸਾਨਾਂ ਤੋਂ ਲਗਾਨ ਵਸੂਲ ਕਰਨ ਦਾ ਜੋ ਨਵਾਂ ਫੈਸਲਾ ਕੀਤਾ ਹੈ, ਉਹ ਸਰਾਸਰ ਜ਼ੁਲਮ ਹੈ। ਇਸ ਲਈ ਜੇ ਸਰਕਾਰ ਇਸ ਮਾਮਲੇ ਦੀ ਕਿਸੇ ਬੇਲਾਗ ਪੰਚ ਰਾਹੀਂ ਪੜਤਾਲ ਕਰਾਉਣ ਲਈ ਤਿਆਰ ਨਾ ਹੋਵੇ, ਤਾਂ ਲਗਾਨ ਬਿਲਕੁਲ ਨਾ ਦਿੱਤਾ ਜਾਵੇ। ਇਸ ਸਬੰਧੀ ਜੇ ਸਰਕਾਰ, ਮਾਲ ਡੰਗਰਾਂ ਆਦਿ ਦੀਆਂ ਕੁਰਕੀਆਂ ਕਰੇ, ਤਾਂ ਕਿਸਾਨਾਂ ਨੂੰ ਉਹ ਸਭ ਕੁਝ ਸਹਿਣ ਲਈ ਤਿਆਰ ਹੋਣਾ ਚਾਹੀਦਾ ਹੈ। ਜੇ ਸਰਕਾਰ ਪਹਿਲਾਂ ਵਾਲਾ ਲਗਾਨ ਵਸੂਲ ਕਰਨਾ ਚਾਹੇ ਤਾਂ ਉਹ ਲਗਾਨ ਅਦਾ ਕਰ ਦੇਣਾ ਚਾਹੀਦਾ ਹੈ।

ਇਕ ਪਾਸੇ ਬਾਰਦੌਲੀ ਸਤਿਆਗ੍ਰਹਿ ਬੜੇ ਜ਼ੋਰਾਂ ਨਾਲ ਚਲ ਰਿਹਾ ਸੀ ਤੇ ਦੂਜੇ ਪਾਸੇ ਸਰਕਾਰ ਆਪਣੇ ਪਿਠੂਆਂ ਰਾਹੀਂ ਕਿਸਾਨਾਂ ਵਿਚ ਫੁਟ ਪਾ ਰਹੀ ਸੀ। ਉਹ ਜਨਤਾ ਨੂੰ ਗੁਮਰਾਹ ਕਰਨ ਵਾਲੇ ਬਿਆਨ ਦੇ ਰਹੀ ਸੀ। ਮਾਲ ਡੰਗਰਾਂ ਦੀਆਂ ਕੁਰਕੀਆਂ ਕੀਤੀਆਂ ਜਾ ਰਹੀਆਂ ਸਨ ਤਾਂ ਜੋ ਕਿਸਾਨ ਡਰ ਕੇ ਸਤਿਆਗ੍ਰਹਿ ਤੋਂ ਬਾਜ਼ ਆ ਜਾਣ। ਵਲਭ ਭਾਈ ਕਿਸਾਨਾਂ ਦਾ ਹੌਂਸਲਾ ਵਧਾ ਰਹੇ ਸਨ। ਉਹ ਸਰਕਾਰ ਦੇ ਝੂਠੇ ਸਰਕਾਰੀ ਬਿਆਨਾਂ ਅਤੇ ਲਾਰਿਆਂ ਲਪਿਆਂ ਦਾ ਪਾਜ ਖੋਲ੍ਹ ਰਹੇ ਸਨ।

ਸਰਕਾਰ ਨੇ ਜ਼ੁਲਮ ਦੀ ਹੱਦ ਕਰ ਦਿਤੀ। ਕਿੰਨੇ ਹੀ ਗਰੀਬ ਕਿਸਾਨਾਂ ਨੂੰ ਜੇਲ੍ਹ ਡੱਕ ਦਿੱਤਾ। ਕਈਆਂ ਨੇ ਸਰਕਾਰ ਦੇ ਇਸ ਜ਼ੁਲਮ ਨੂੰ ਵੇਖ ਕੇ ਸਰਕਾਰੀ ਨੌਕਰੀਆਂ ਛੱਡ ਦਿਤੀਆਂ। ਅਜਿਹਾ ਜਾਪਦਾ ਸੀ ਜਿਵੇਂ ਬਘਿਆੜ ਸਾਹਮਣੇ ਭੇਡਾਂ ਦਾ ਤਕੜਾ ਇੱਜੜ ਆ ਖੜੋਤਾ ਹੋਵੇ। ਭੇਡਾਂ ਦੇ ਇਤਫਾਕ ਤੇ ਕੁਰਬਾਨੀਆਂ ਨੂੰ ਵੇਖ ਬਘਿਆੜ ਦੀ ਭੁੱਖ ਗਾਇਬ ਹੋ ਗਈ। ਹੁਣ ਉਹ ਕੋਈ ਬਹਾਨਾ ਢੂੰਡ ਕੇ ਮੈਦਾਨੋਂ ਭੱਜਣਾ ਚਾਹੁੰਦਾ ਸੀ। ਸ਼ੁਰੂ ਸ਼ੁਰੂ ਵਿਚ ਇਸ ਬਘਿਆੜ ਦੀ ਦਹਾੜ ਸੁਣ ਕੇ ਭੇਡ ਡਰ ਕੇ ਨੱਠ ਉਠਦੀਆਂ ਸਨ ਪਰ ਹੁਣ ਉਸਦੀ ਭਬਕ ਵਿਚ ਉਹ ਜ਼ੋਰ ਨਹੀਂ ਸੀ ਰਿਹਾ, ਜਿਸ ਨੂੰ ਸੁਣ ਕੇ ਲੋਕਾਂ ਦੇ ਦਿਲ ਧੜਕਦੇ ਤੇ ਸ਼ਰੀਰ ਕੰਬਣ ਲਗ ਪੈਂਦੇ ਸਨ। ਹੁਣ ਬਘਿਆੜ ਦੀ ਭਬਕ ਨਾਲ ਲੋਕਾਂ ਵਿਚ ਜੋਸ਼ ਪੈਦਾ ਹੁੰਦਾ ਹੈ। ਉਨ੍ਹਾਂ ਵਿਚ ਉਸ ਨਾਲ ਟੱਕਰ ਲੈਣ ਦੀ ਸ਼ਕਤੀ ਵਧਦੀ ਹੈ।

ਸਰਕਾਰ ਇਸ ਅੰਦੋਲਨ ਨੂੰ ਅਸਫਲ ਕਰਨ ਲਈ ਜੋ ਢੰਗ ਅਪਨਾਉਂਦੀ, ਉਹੀ ਉਲਟਾ ਬੈਠਦਾ ਤੇ ਉਸ ਨਾਲ ਜਨਤਾ ਵਿਚ ਹੋਰ ਉਤਸ਼ਾਹ ਪੈਦਾ ਹੁੰਦਾ।

ਗਾਂਧੀ ਜੀ ਨੇ ਇਸ ਅੰਦੋਲਨ ਬਾਰੇ ਜੋ ਲੇਖ 'ਨਵਜੀਵਨ" ਵਿਚ ਲਿਖੇ ਉਨ੍ਹਾਂ ਰਾਹੀਂ ਇਸ ਮੋਰਚੇ ਦੀਆਂ ਖਬਰਾਂ ਦੂਰ ਦੂਰ ਤਕ ਫੈਲ ਗਈਆਂ। ਸਾਰਾ ਦੇਸ਼ ਅੰਗਰੇਜ਼ੀ ਸਰਕਾਰ ਦੇ ਜ਼ੁਲਮ ਤੋਂ ਤ੍ਰਾਹ ਤ੍ਰਾਹ ਕਰ ਉਠਿਆ।

ਇਨ੍ਹੀਂ ਦਿਨੀਂ ਬੰਬਈ ਅਸੈਂਬਲੀ ਦੇ ਇਕ ਪ੍ਰਸਿਧ ਮੈਂਬਰ ਸ੍ਰੀ ਕੇ. ਐਮ. ਮੁਨਸ਼ੀ ਨੇ ਗਵਰਨਰ ਨੂੰ ਸਾਰੇ ਹਾਲਾਤ ਤੋਂ ਜਾਣੂੰ ਕਰਾਉਂਦਿਆਂ ਹੋਇਆਂ ਯਤਨ ਕੀਤਾ ਕਿ ਸਰਕਾਰ ਆਪਣੇ ਇਰਾਦੇ ਤੋਂ ਬਾਜ਼ ਆ ਜਾਵੇ। ਉਹ ਕਿਸਾਨਾਂ ਤੋਂ ਪਹਿਲਾਂ ਵਾਲਾ ਲਗਾਨ ਹੀ ਵਸੂਲ ਕਰੇ। ਪਰ ਚਿੱਟੀ ਚਮੜੀ ਵਾਲੇ ਗਵਰਨਰ ਤੇ ਇਸ ਦਾ ਕੋਈ ਅਸਰ ਨਾ ਹੋਇਆ। ਕੇ. ਐਮ. ਮੁਨਸ਼ੀ ਆਪ ਬਾਰਦੌਲੀ ਗਏ। ਉਹ ਕਿਸਾਨਾਂ ਦੀ ਜਥੇਬੰਦੀ ਤੋਂ ਬਹੁਤ ਪ੍ਰਭਾਵਤ ਹੋਏ। ਉਹ ਬਹੁਤ ਸਾਰੇ ਕਿਸਾਨ ਮਰਦ ਇਸਤਰੀਆਂ ਨੂੰ ਮਿਲੇ। ਸਭ ਦੀ ਜ਼ੁਬਾਨ ਤੇ ਵਲਭ ਭਾਈ ਦਾ ਨਾਂ ਸੀ। ਕਿਸਾਨ ਇਸ ਮੋਰਚੇ ਦੀ ਜਿੱਤ ਲਈ ਆਪਣਾ ਸਭ ਕੁਝ ਕੁਰਬਾਨ ਕਰਨ ਲਈ ਤਿਆਰ ਸਨ। ਇਸ ਦੌਰੇ ਮਗਰੋਂ ਮੁਨਸ਼ੀ ਜੀ ਨੇ ਇਕ ਪੱਤਰ ਗਵਰਨਰ ਨੂੰ ਲਿਖਿਆ :

"ਅੱਸੀ ਹਜ਼ਾਰ ਦੇ ਕਰੀਬ ਨਰ ਨਾਰੀ ਕਿਸਾਨ ਬੜੀ ਤਕੜੀ ਜਥੇਬਦੀ ਵਿਚ ਸ਼ਾਮਲ ਹਨ। ਇਥੋਂ ਤੱਕ ਕਿ ਕੁਰਕੀ ਅਫਸਰ ਨੂੰ ਹਜਾਮਤ ਲਈ ਨਾਈ ਵੀ ਨਹੀਂ ਮਿਲਦਾ। ਇਕ

ਸਰਕਾਰੀ ਅਫਸਰ ਦੀ ਮੋਟਰ ਚਿਕੜ ਵਿਚ ਫਸ ਗਈ। ਜੇ ਉਥੇ ਵਲਭ ਭਾਈ ਨਾ ਹੁੰਦੇ ਤਾਂ ਮੋਟਰ ਜਿਥੇ ਫਸੀ ਸੀ ਉਥੇ ਹੀ ਫਸੀ ਰਹਿੰਦੀ। ਸਰਕਾਰੀ ਅਫਸਰ ਮਾਰਡਾ ਨੂੰ, ਜਿਸ ਨੇ ਕਿਸਾਨਾਂ ਦੀ ਲੱਖਾਂ ਰੁਪਏ ਦੀ ਜ਼ਮੀਨ ਕੌਡੀਆਂ ਦੇ ਭਾਅ ਵੇਚ ਦਿਤੀ ਹੈ, ਆਪਣੇ ਘਰ ਲਈ ਸਫਾਈ ਵਾਸਤੇ ਕੋਈ ਨੌਕਰ ਨਹੀਂ ਮਿਲਦਾ। ਕੁਲੈਕਟਰ ਨੂੰ ਸਟੇਸ਼ਨ ਤੋਂ ਆਪਣੀ ਸਵਾਰੀ ਲਈ ਵਲਭ ਭਾਈ ਨੂੰ ਬੇਨਤੀ ਕਰਨੀ ਪੈਂਦੀ ਹੈ। ਮੈਨੂੰ ਜਿੰਨੇ ਵੀ ਇਸਤਰੀ ਪੁਰਸ਼ ਮਿਲੇ, ਉਨ੍ਹਾਂ ਵਿਚੋਂ ਇਕ ਵੀ ਅਜਿਹਾ ਨਹੀਂ ਜੋ ਇਸ ਮੋਰਚੇ ਵਿਚ ਕੁਦ ਪੈਣ ਪਿਛੋਂ ਪਛਤਾਉਂਦਾ ਹੋਵੇ। ਸਰਕਾਰੀ ਬਿਆਨ ਵਿਚ ਦਸਿਆ ਗਿਆ ਹੈ ਕਿ ਲੋਕਾਂ ਦੀ ਮਰਜ਼ੀ ਵਿਰੁੱਧ ਇਹ ਮੋਰਚਾ ਲਗਾਇਆ ਗਿਆ ਹੈ। ਇਹ ਬਿਲਕੁਲ ਝੂਠ ਹੈ। ਲੋਕੀ ਅਫਸਰਾਂ ਦੇ ਡਰਾਵੇ ਤੇ ਧਮਕੀਆਂ ਦਾ ਮਖੌਲ ਉਡਾਉਂਦੇ ਹਨ। ਮਾਲ ਡੰਗਰਾਂ ਦੇ ਜ਼ਬਤ ਕੀਤੇ ਜਾਣ ਦੇ ਡਰੋਂ ਲੋਕੀ ਤਿੰਨ ਤਿੰਨ ਮਹੀਨਿਆਂ ਤੋਂ ਆਪਣੇ ਡੰਗਰਾਂ ਨਾਲ ਇਕੋ ਕਮਰੇ ਵਿਚ ਰਹਿ ਰਹੇ ਹਨ। ਮੈਂ ਕਈ ਪਿੰਡਾਂ ਵਿਚ ਗਿਆ, ਜਿਥੇ ਮਨੁੱਖ ਤਾਂ ਕੀ, ਪੰਛੀ ਵੀ ਨਜ਼ਰ ਨਹੀਂ ਆਇਆ। ਕੁਰਕੀ ਅਫਸਰਾਂ ਦੇ ਡਰ ਕਾਰਣ ਲੋਕੀਂ ਮਕਾਨਾਂ ਅੰਦਰ ਬੰਦ ਬੈਠੇ ਸਨ। ਜਦ ਮੈਂ ਉਨ੍ਹਾਂ ਨੂੰ ਯਕੀਨ ਦਿਵਾਇਆ ਕਿ ਮੈਂ ਸਰਕਾਰੀ ਅਫਸਰ ਨਹੀਂ, ਤਾਂ ਉਨ੍ਹਾਂ ਦਰਵਾਜ਼ੇ ਖੋਲ੍ਹੇ, ਮੇਰੇ ਨਾਲ ਉਨ੍ਹਾਂ ਗੱਲਬਾਤ ਕੀਤੀ। ਜੋ ਦੁੱਖ ਤੇ ਕਸ਼ਟ ਭਰਿਆ ਜੀਵਨ ਇਹ ਕਿਸਾਨ ਬਿਤਾ ਰਹੇ ਹਨ ਉਸ ਦੀ ਸੰਸਾਰ ਵਿਚ ਮਿਸਾਲ ਨਹੀਂ ਮਿਲਦੀ।

"ਇਹ ਸਾਰੀਆਂ ਗੱਲਾਂ ਅੱਖੀਂ ਵੇਖੀਆਂ ਹਨ, ਇਸ ਲਈ ਤੁਹਾਨੂੰ ਦੱਸ ਰਿਹਾ ਹਾਂ, ਤਾਂ ਜੋ ਤੁਹਾਡੀਆਂ ਅੱਖਾਂ ਖੁਲ੍ਹਣ। ਤੁਹਾਡੇ ਅੰਦਰ ਅਸਲੀਅਤ ਵੇਖਣ ਦੀ ਇੱਛਾ ਪੈਦਾ ਹੋ ਸਕੇ..........."

ਮੁਨਸ਼ੀ ਜੀ ਨੇ ਸਾਰੇ ਹਾਲਾਤ ਅਸੈਂਬਲੀ ਦੇ ਮੈਂਬਰਾਂ ਨੂੰ ਵੀ ਦੱਸੇ। ਉਨ੍ਹਾਂ ਨੇ ਆਪ ਅਸੈਂਬਲੀ ਦੀ ਮੈਂਬਰੀ ਤੋਂ ਅਸਤੀਫਾ ਦੇ ਦਿੱਤਾ। ਮੁਨਸ਼ੀ ਜੀ ਦੇ ਬਿਆਨ ਦੀ ਸੰਸਾਰ ਭਰ ਦੇ ਅਖਬਾਰਾਂ ਵਿਚ ਖੂਬ ਚਰਚਾ ਹੋਈ। ਹੁਣ ਸਰਕਾਰ ਦੇ ਝੂਠੇ ਬਿਆਨਾਂ ਦਾ ਪਾਜ ਖੁਲ੍ਹ ਗਿਆ। ਲੋਕਾਂ ਨੂੰ ਪਤਾ ਲੱਗ ਗਿਆ ਕਿ ਸਰਕਾਰ, ਬਾਰਦੌਲੀ ਦੇ ਗ਼ਰੀਬ ਤੇ ਨਿਹੱਥੇ ਕਿਸਾਨਾਂ ਦੇ ਖੂਨ ਨਾਲ ਹੱਥ ਰੰਗ ਰਹੀ ਹੈ।

ਦੂਜੇ ਪਾਸੇ ਕਿਸਾਨ ਬੜੀ ਬਹਾਦਰੀ ਨਾਲ ਸਭ ਕੁਝ ਦਾਅ ਤੇ ਲਗਾ ਕੇ ਸਤਿਆਗ੍ਰਹਿ ਤੇਜ਼ੀ ਨਾਲ ਚਲਾਈ ਜਾ ਰਹੇ ਹਨ।

ਭਾਰਤ ਦੇ ਟੋਡੀ ਅਖਬਾਰ 'ਟਾਈਮਜ਼ ਆਫ ਇਡੀਆ' ਨੇ ਬਾਰਦੌਲੀ ਦੇ ਇਸ ਸਤਿਆਗ੍ਰਹਿ ਬਾਰੇ ਲਿਖਿਆ :

"ਭਾਰਤ ਵਿਚ ਬਾਰਦੌਲੀ ਇਲਾਕੇ ਵਿਚ ਗਾਂਧੀ ਜੀ ਨੇ ਬਾਲਸ਼ਵਿਕ ਢੰਗ ਦਾ ਤਜਰਬਾ ਕੀਤਾ ਹੈ, ਜੋ ਸਫਲ ਹੁੰਦਾ ਜਾ ਰਿਹਾ ਹੈ। ਇਥੇ ਸਰਕਾਰ ਦੀ ਸਾਰੀ ਮਸ਼ੀਨਰੀ ਕੰਮ ਕਰਨੋਂ ਰਹਿ ਗਈ ਹੈ। ਹਰ ਥਾਂ ਗਾਂਧੀ ਜੀ ਦੇ ਪਹਿਲੇ ਸੇਵਕ (ਵਲਭ ਭਾਈ) ਦਾ ਬੋਲ ਬਾਲਾ ਹੈ। ਉਸ ਨੂੰ ਉਥੋਂ ਦਾ ਲੈਨਨ ਸਮਝਿਆ ਜਾਂਦਾ ਹੈ। ਇਸਤਰੀਆਂ ਪੁਰਸ਼ਾਂ, ਬੱਚਿਆਂ ਤੇ ਬੁੱਢਿਆ ਵਿਚ ਅੱਗ ਭੜਕ ਰਹੀ ਹੈ। ਇਸ ਅਗਨੀ ਵਿਚ ਰਾਜਭਗਤੀ ਨਸ਼ਟ ਹੋ ਰਹੀ ਹੈ। ਇਸਤਰੀਆਂ ਦੇ ਲੋਕ ਗੀਤਾਂ ਦਾ ਹੀਰੋ 'ਵਲਭ ਭਾਈ' ਹੈ। ਆਪਣੇ ਨੇਤਾ ਵਲਭ ਭਾਈ ਦਾ ਉਹ ਬੜਾ ਸਤਿਕਾਰ ਕਰਦੀਆਂ ਹਨ। ਇਨ੍ਹਾਂ ਲੋਕ ਗੀਤਾਂ ਵਿਚ ਰਾਜ ਵਿਰੁੱਧ ਤਕੜੀ ਬਗ਼ਾਵਤ ਪਾਈ ਜਾਂਦੀ ਹੈ। ਜੇ ਇਸੇ ਤਰ੍ਹਾਂ ਹੁੰਦਾ ਰਿਹਾ, ਤਾਂ ਇਥੇ ਖ਼ੂਨ ਦੀਆਂ ਨਦੀਆਂ ਵਹਿ ਤੁਰਨਗੀਆਂ।"

ਇਨ੍ਹੀਂ ਦਿਨੀਂ ਲੋਕਾਂ ਦਾ ਉਤਸ਼ਾਹ ਕਾਇਮ ਰੱਖਣ ਤੇ ਸਤਿਆਗ੍ਰਹਿ ਤੇਜ਼ੀ ਨਾਲ ਚਲਾਉਣ ਲਈ ਵਲਭ ਭਾਈ ਤੇ ਉਨ੍ਹਾਂ ਦੇ ਸਾਥੀ ਦਿਨ ਰਾਤ ਕੰਮ ਕਰ ਰਹੇ ਸਨ। ਉਹ ਕਿਸਾਨਾਂ ਨਾਲ ਉਨ੍ਹਾਂ ਦੀ ਆਪਣੀ ਬੋਲੀ ਵਿਚ ਗੱਲਾਂ ਕਰਦੇ। ਉਨ੍ਹਾਂ ਨੂੰ ਦਲੀਲਾਂ ਵੀ ਉਹੀ ਦਿੰਦੇ ਜੋ ਉਨ੍ਹਾਂ ਦੀ ਸਮਝ ਵਿਚ ਚੰਗੀ ਤਰ੍ਹਾਂ ਆ ਜਾਣ। ਇਥੇ ਉਨ੍ਹਾਂ ਦੇ ਭਾਸ਼ਣਾਂ ਦੀਆਂ ਕੁਝ ਤੁਕਾਂ ਬੜੀਆਂ ਦਿਲਚਸਪ ਹਨ।

"ਦੋਸਤ ਕਿਸਾਨੋ : ਅੱਜ ਇਹ ਸਰਕਾਰ ਇਸ ਤਰ੍ਹਾਂ ਮਸਤ ਹੋਈ ਫਿਰਦੀ ਹੈ, ਜਿਵੇਂ ਜੰਗਲ ਵਿਚ ਪਾਗ਼ਲ ਹਾਥੀ ਆ ਵੜਿਆ ਹੋਵੇ। ਹਾਥੀ ਦੇ ਸਾਹਮਣੇ ਜੋ ਵੀ ਆ ਜਾਏ, ਉਸ ਨੂੰ ਉਹ ਕੁਚਲ ਸੁੱਟਦਾ ਹੈ। ਪਾਗ਼ਲ ਹਾਥੀ ਚੰਗੀ ਤਰ੍ਹਾਂ ਸਮਝਦਾ ਹੈ, ਕਿ ਜਦੋਂ ਉਸ ਨੇ ਬਘਿਆੜਾਂ ਤੇ ਸ਼ੇਰਾਂ ਨੂੰ ਮਾਰ ਮੁਕਾਇਆ ਹੈ ਤਾਂ ਇਹ ਮੱਛਰ ਵਿਚਾਰੇ ਕੀ ਚੀਜ਼ ਹਨ। ਮੈਂ ਮੱਛਰਾਂ ਨੂੰ ਇਹ ਸਮਝਾਉਣਾ ਚਾਹੁੰਦਾ ਹਾਂ ਕਿ ਪਾਗ਼ਲ ਹਾਥੀ ਨੂੰ ਜਿੰਨਾਂ ਉਹ ਨੱਚਣਾ ਟੱਪਣਾ ਚਾਹਵੇ, ਨੱਚ ਟੱਪ ਲੈਣ ਦਿਓ। ਇਸ ਮਗਰੋਂ ਜਦ ਮੌਕਾ ਮਿਲੇ, ਉਸ ਦੇ ਕੰਨ ਵਿਚ ਘੁਸ ਜਾਓ।"

ਇਕ ਥਾਂ ਵਲਭ ਭਾਈ ਨੇ ਕਿਹਾ:—

"ਘੜੇ ਦੀਆਂ ਕਈ ਠੀਕਰੀਆਂ ਬਣਦੀਆਂ ਹਨ, ਪਰ ਤੁਸੀਂ ਜਾਣਦੇ ਹੋ ਕਿ ਘੜੇ ਨੂੰ ਭੰਨਣ ਲਈ ਇਕੋ ਠੀਕਰੀ ਕਾਫੀ ਹੈ। ਫਿਰ ਦਸੋ, ਘੜੇ ਤੋਂ ਠੀਕਰੀ ਕਿਉਂ ਡਰੇ ? ਜੇ ਟੁਟਣ ਦਾ ਕਿਸੇ ਨੂੰ ਡਰ ਹੈ, ਤਾਂ ਉਹ ਘੜਾ ਹੈ, ਠੀਕਰੀ ਨਹੀ।"

ਅਸੈਂਬਲੀ ਵਿਚ ਜਾਣ ਵਾਲੇ ਲੀਡਰਾਂ ਬਾਰੇ ਉਨ੍ਹਾਂ ਨੇ ਕਿਹਾ:—

"ਥੋੜੇ ਜਿਹੇ ਵੜੇਵੇਂ ਧਰਤੀ ਵਿਚ ਦੱਬ ਕੇ ਤੇ ਨਸ਼ਟ ਹੋਕੇ ਕਿੰਨਾਂ ਵੱਡਾ ਕਪਾਹ ਦਾ ਖੇਤ ਤਿਆਰ ਕਰ ਲੈਂਦੇ ਹਨ। ਜੇ ਮੌਤ ਤੋਂ ਪਹਿਲਾਂ ਹੀ ਸਵਰਗ ਮਿਲ ਸਕਦਾ ਹੋਵੇ ਤਾਂ ਅਸੈਂਬਲੀਆਂ ਤੇ ਕੌਂਸਲਾਂ ਵਿਚ ਭਾਸ਼ਣ ਦੇਣ ਨਾਲ ਵੀ ਦੇਸ਼ ਆਜ਼ਾਦ ਹੋ ਸਕਦਾ ਹੈ।"

ਇਕ ਆਮ ਜਲਸੇ ਵਿਚ ਬੋਲਦਿਆਂ ਉਨ੍ਹਾਂ ਕਿਹਾ:—

"ਜੇ ਭੇਡਾਂ ਵਿਚੋਂ ਗਈ ਕਾਲੀ ਭੇਡ ਸਰਕਾਰ ਦੀ ਰੱਖਿਆ ਲਈ ਨਾ ਨਿਕਲੇ, ਤਾਂ ਕੀ ਸਰਕਾਰ ਆਪਣੀ ਰੱਖਿਆ ਲਈ ਵਲਾਇਤ ਤੋਂ ਕਾਲੀ ਭੇਡ ਮੰਗਾਵੇਗੀ। ਜੇ ਅਜਿਹੀ ਭੇਡ ਵਲਾਇਤ ਤੋਂ ਸਰਕਾਰ ਮੰਗਾ ਵੀ ਲਵੇ ਤਾਂ ਉਹ ਢਾਈ ਆਨੇ ਰੋਜ਼ਾਨਾ ਖ਼ਰਚ ਕੇ ਸਾਡੇ ਟੁਟੇ ਛੱਪਰਾਂ ਵਿਚ ਨਹੀਂ ਰਹਿ ਸਕਦੀ। ਉਸ ਭੇਡ ਨੂੰ ਬੰਗਲਾ ਤੇ ਬਾਗ ਬਗੀਚੇ ਚਾਹੀਦੇ ਹਨ। ਉਸ ਨੂੰ ਸਾਥੋਂ ਵੱਖਰੀ ਖ਼ੁਰਾਕ ਲੋੜੀਂਦੀ ਹੈ। ਉਸ ਲਈ ਨਾਈ ਤੇ ਧੋਬੀ ਵੀ ਚਾਹੀਦਾ ਹੈ। ਇਸ ਤਰ੍ਹਾਂ ਸਰਕਾਰ ਨੂੰ ਸਿਰ ਨਾਲੋਂ ਸਿਰ ਮੁਨਾਈ ਮਹਿੰਗੀ ਪਵੇਗੀ। ਜੇ ਸਰਕਾਰ ਆਪਣੀ ਰੱਖਿਆ ਲਈ ਹਰ ਪਿੰਡ ਵਿਚ ਦੋ ਦੋ ਗੋਰੇ ਰੱਖੇ, ਤਾਂ ਇਸ ਇਲਾਕੇ ਵਿਚੋਂ ਪੰਜ ਲੱਖ ਰੁਪਏ ਵਸੂਲ ਕਰਨ ਲਈ ਉਸ ਨੂੰ ਕਿੰਨੇ ਗੋਰੇ ਰੱਖਣ ਪੈਣਗੇ ਤੇ ਉਨ੍ਹਾਂ ਤੇ ਕਿੰਨਾ ਖ਼ਰਚ ਕਰਨਾ ਪਵੇਗਾ ਤੇ ਇਸ ਦਾ ਹਿਸਾਬ ਲਗਾਣਾ ਮੁਸ਼ਕਲ ਨਹੀਂ।"

ਕਿਸਾਨਾਂ ਨੂੰ ਇਕਠਿਆਂ ਕਰਨ ਅਤੇ ਉਨ੍ਹਾਂ ਵਿਚ ਜੋਸ਼ ਅਤੇ ਉਤਸ਼ਾਹ ਭਰਨ ਲਈ ਢੋਲ ਬਜਾਣ ਦੀ ਸਰਕਾਰ ਨੇ ਮਨਾਹੀ ਕਰ ਦਿਤੀ। ਇਕ ਥਾਂ ਜਲਸੇ ਵਿਚ ਵਲਭ ਭਾਈ ਬੋਲ ਰਹੇ ਸਨ ਤਾਂ ਨਾਲ ਦੇ ਥਾਣੇ ਵਿਚ ਕੁਰਕ ਕੀਤੀਆਂ ਮੱਝਾਂ ਰਿੰਗਣ ਲੱਗ ਪਈਆਂ। ਵਭਲ ਭਾਈ ਉਨ੍ਹਾਂ ਦੀ ਅਵਾਜ਼ ਸੁਣ ਕੇ ਖਿੜ ਖਿੜਾ ਕੇ ਹੱਸੇ ਤੇ ਥਾਣਾ ਅਧਿਕਾਰੀਆਂ ਨੂੰ ਸੰਬੋਧਨ ਕਰਦੇ ਹੋਏ ਕਿਹਾ:-

"ਇਨ੍ਹਾਂ ਜਾਨਵਰਾਂ ਦੀ ਆਵਾਜ਼ ਸੁਣੋ। ਇਨ੍ਹਾਂ ਦੀ ਰਿਪੋਟ ਉਪਰ ਲਿਖ ਘਲੋ, ਕਿ ਥਾਣੇ ਵਿਚ ਮੱਝਾਂ ਭਾਸ਼ਣ ਦੇ ਰਹੀਆਂ ਹਨ। ਢੋਲ ਢਮੱਕੇ ਦੀ ਆਵਾਜ਼ ਨਾਲ ਅੰਗਰੇਜ਼ੀ ਰਾਜ ਡਿੱਗਣ ਲੱਗਾ ਸੀ। ਹੁਣ ਮੱਝਾਂ ਦੀ ਪੁਕਾਰ ਸੁਣ ਲਉ। ਜੇ ਤੁਹਾਨੂੰ ਨਹੀਂ ਪਤਾ ਕਿ ਤੁਹਾਡੇ ਰਾਜ ਵਿਚ ਕਿਡੀ ਬੇ- ਇਨਸਾਫੀ ਹੋ ਰਹੀ ਹੈ, ਤਾਂ ਮੱਝਾਂ ਪੁਕਾਰ ਪੁਕਾਰ ਕੇ ਤੁਹਾਨੂੰ ਦੱਸ ਰਹੀਆਂ ਹਨ ਕਿ ਅੰਗਰੇਜ਼ੀ ਰਾਜ ਵਿਚੋਂ ਇਨਸਾਫ ਖੰਭ ਲਾ ਕੇ ਉਡ ਗਿਆ ਹੈ।

ਬਾਰਦੌਲੀ ਦਾ ਸਤਿਆਗ੍ਰਹਿ ਇੰਨਾਂ ਸਫਲ ਹੋਇਆ, ਕਿ ਸਰਕਾਰ ਨੂੰ ਹੱਥਾਂ ਪੈਰਾਂ ਦੀ ਪੈ ਗਈ। ਹੁਣ ਸਰਕਾਰ ਸਾਹਮਣੇ ਕੇਵਲ ਦੋ ਹੀ ਰਾਹ ਸਨ, ਜਾਂ ਤਾਂ ਕਿਸਾਨਾਂ ਨੂੰ ਆਪੋ ਵਿਚ ਲੜਾ ਦਿੱਤਾ ਜਾਵੇ, ਤਾਂ ਜੋ ਉਹ ਮਜ਼ਬੂਰ ਹੋਕੇ ਆਪਣੀ ਰੱਖਿਆ ਲਈ ਸਰਕਾਰ ਨੂੰ ਬੇਨਤੀ ਕਰਨ। ਦੂਜਾ ਕੋਈ ਅਜਿਹਾ ਰਾਹ ਲੱਭਿਆ ਜਾਵੇ ਜਿਸ ਨਾਲ ਸੱਪ ਵੀ ਮਰ ਜਾਵੇ ਤੇ ਲਾਠੀ ਵੀ ਬਚ ਜਾਵੇ, ਭਾਵ ਸਰਕਾਰ ਦੀ ਇੱਜ਼ਤ ਵੀ ਰਹਿ ਜਾਵੇ, ਤੇ ਕਿਸਾਨਾਂ ਨਾਲ

ਸਮਝੌਤਾ ਵੀ ਹੋ ਜਾਵੇ। ਇਸ ਤਰ੍ਹਾਂ ਉਹ ਲਗਾਨ ਦੇਣ ਲਈ ਤਿਆਰ ਹੋ ਜਾਣਗੇ। ਜਦੋਂ ਸਰਕਾਰ ਨੇ ਕਿਸਾਨਾਂ ਵਿਚ ਫੁਟ ਪਾਉਣ ਦੀ ਕੋਸ਼ਿਸ਼ ਕੀਤੀ ਤਾਂ ਬਾਰਦੌਲੀ ਨੇਤਾ ਵਲਭ ਭਾਈ ਇਕ ਦਮ ਭਾਂਪ ਗਏ। ਉਨ੍ਹਾਂ ਨੇ ਆਪਣੇ ਕਿਸਾਨ ਭਰਾਵਾਂ ਅੱਗੇ ਅਪੀਲ ਕੀਤੀ :-

"ਸਾਥੀਓ: ਸਾਨੂੰ ਸਾਵਧਾਨ ਰਹਿਣਾ ਪਵੇਗਾ। ਸਰਕਾਰ ਨੇ ਤੁਹਾਡੇ ਨਾਲ ਛੇੜਖਾਨੀ ਕਰਕੇ ਤੁਹਾਨੂੰ ਗੁੱਸੇ ਵਿਚ ਲਿਆਉਣਾ ਹੈ। ਉਹ ਇਸ ਲਈ ਕਿ ਤੁਸੀਂ ਸ਼ਾਂਤੀ ਦਾ ਰਾਹ ਤਿਆਗ ਕੇ ਲੜਾਈ ਝਗੜੇ ਤੇ ਉਤਰ ਆਓ। ਇਸ ਨਾਲ ਤੁਹਾਡੀ ਹਾਰ ਅਤੇ ਸਰਕਾਰ ਦੀ ਜਿੱਤ ਯਕੀਨੀ ਹੈ। ਮੈਨੂੰ ਪਤਾ ਲੱਗਾ ਹੈ ਕਿ ਇਕ ਥਾਣੇਦਾਰ ਨੇ ਕਿਸਾਨਾਂ ਨੂੰ ਗਾਲਾਂ ਕੱਢੀਆਂ ਹਨ। ਉਸ ਨੇ ਆਪਣੀ ਜ਼ਬਾਨ ਗੰਦੀ ਕੀਤੀ ਹੈ, ਤੁਹਾਡਾ ਕੁਝ ਨਹੀਂ ਵਿਗਾੜਿਆ। ਇਸ ਲੜਾਈ ਸਮੇਂ ਤੁਸੀਂ ਗਾਲ੍ਹਾਂ ਖਾ ਲੈਣੀਆਂ। ਮੈਨੂੰ ਕੋਈ ਗਾਲ੍ਹਾਂ ਕੱਢੇ, ਤਾਂ ਮੈਂ ਖਾਮੋਸ਼ੀ ਨਾਲ ਸੁਣਦਾ ਰਹਾਂਗਾ। ਇਸ ਨਾਲ ਉਸ ਨੂੰ ਆਪਣੀ ਗਲਤੀ ਦਾ ਪਤਾ ਲੱਗੇਗਾ। ਪੁਲਿਸ ਦਾ ਕੋਈ ਅਧਿਕਾਰੀ ਤੁਹਾਡੇ ਨਾਲ ਵਧੀਕੀ ਕਰੇ, ਤਾਂ ਤੁਸੀਂ ਬਿਲਕਲ ਸ਼ਾਂਤ ਰਹਿਣਾ। ਮੈਂ ਚਾਹੁੰਦਾ ਹਾਂ ਕਿ ਅੰਤ ਤੁਹਾਡੀ ਜਿੱਤ ਹੋਵੇ.........।"

ਜਿਉਂ ਜਿਉਂ ਕਿਸਾਨਾਂ ਤੇ ਜ਼ੁਲਮ ਵਧੀ ਜਾ ਰਿਹਾ ਸੀ ਲੋਕ ਸਰਕਾਰ ਵਿਰੁੱਧ ਹੁੰਦੇ ਜਾ ਰਹੇ ਸਨ। ਕਿੰਨੇ ਹੀ ਸਰਕਾਰੀ ਨੌਕਰਾਂ, ਪਟੇਲਾਂ ਤੇ ਪਟਵਾਰੀਆਂ ਨੇ ਅਸਤੀਫੇ ਦੇ ਦਿੱਤੇ ਜਿਸ ਨਾਲ ਸਰਕਾਰੀ ਮਸ਼ੀਨਰੀ ਦਿਨ ਬਦਿਨ ਕਮਜ਼ੋਰ ਹੋਣ ਲਗ ਪਈ।

12 ਜੂਨ ਨੂੰ ਸਾਰੇ ਦੇਸ਼ ਵਿਚ ਬਾਰਦੌਲੀ ਦਿਵਸ ਮਨਾਇਆ ਗਿਆ। ਬਾਰਦੌਲੀ ਨਿਵਾਸੀਆਂ ਨੇ ਚਵੀ ਘੰਟੇ ਦੀ ਭੁੱਖ ਹੜਤਾਲ ਕੀਤੀ ਤੇ ਪ੍ਰਾਰਥਨਾਵਾਂ ਕੀਤੀਆਂ। ਕਿਸਾਨਾਂ ਦੀ ਸਹਾਇਤਾ ਲਈ ਦੇਸ਼ ਭਰ ਵਿਚੋਂ ਦੋ ਲੱਖ ਰੁਪਿਆ ਇਕੱਠਾ ਕਰਕੇ ਬਾਰਦੌਲੀ ਘਲਿਆ ਗਿਆ।

ਸਰਕਾਰ ਨੇ ਪੰਜ ਹਜ਼ਾਰ ਕਿਸਾਨਾਂ ਦੀਆਂ ਜ਼ਮੀਨਾਂ ਜ਼ਬਤ ਕੀਤੀਆਂ। ਨੀਲਾਮੀ ਸਮੇਂ ਕੋਈ ਬੋਲੀ ਹੀ ਨਾ ਦਿੰਦਾ। ਬਾਹਰ ਦੇ ਇਕ ਪਾਰਸੀ ਨੇ ਬੋਲੀ ਦੇ ਕੇ ਜ਼ਮੀਨ ਖਰੀਦੀ ਪਰ ਉਸ ਨਾਲ ਹਰ ਤਰ੍ਹਾਂ ਦੀ ਮਿਲਵਰਤਣ ਬੰਦ ਕਰ ਦਿੱਤਾ ਗਿਆ।

ਜਦ ਬਾਰਦੌਲੀ ਵਿਚ ਪੁਲਿਸ ਕਿਸਾਨਾਂ ਦਾ ਕੁਝ ਨਾ ਵਿਗਾੜ ਸਕੀ, ਤਾਂ ਸਰਕਾਰ ਨੇ ਫੌਜ ਘਲ ਦਿਤੀ। ਬਰਸਾਤ ਦੇ ਦਿਨ ਸਨ। ਫੌਜੀਆਂ ਨੇ ਆਪਣੇ ਕੈਂਪ ਗੱਡ ਦਿੱਤੇ। ਕਿਸਾਨਾਂ ਨੂੰ ਡਰਾਉਣ ਧਮਕਾਉਣ ਲਈ ਹਥਿਆਰ ਬੰਦ ਫੌਜੀ ਹਰਲ ਹਰਲ ਕਰਦੇ ਫਿਰਨ ਲੱਗੇ।

24 ਜੁਲਾਈ ਨੂੰ ਬੰਬਈ ਅਸੈਂਬਲੀ ਵਿਚ ਆਰੰਭਕ ਭਾਸ਼ਨ ਦਿੰਦਿਆਂ ਗਵਰਨਰ ਬੜੇ ਗੁੱਸੇ ਵਿਚ ਆਇਆ। ਉਹ ਕਹਿਣ ਲੱਗਾ:-

"ਮੈਂ ਇਹ ਗੱਲ ਸਾਫ ਕਰ ਦੇਣੀ ਚਾਹੁੰਦਾ ਹਾਂ ਕਿ ਜੇ ਕਿਸਾਨਾਂ ਨੇ ਸਾਡੀਆਂ ਸ਼ਰਤਾਂ ਨਾਂ ਮੰਨੀਆਂ ਤਾਂ ਲਗਾਨ ਦੀ ਵਸੂਲੀ ਲਈ ਸਰਕਾਰ ਯੋਗ ਕਾਰਵਾਈ ਕਰੇਗੀ। ਸਰਕਾਰ ਇਨ੍ਹਾਂ ਲੋਕਾਂ ਨੂੰ ਸਿੱਧੇ ਰਾਹ ਪਾਉਣ ਲਈ ਆਪਣੀ ਸਾਰੀ ਤਾਕਤ ਵਰਤੋਂ ਵਿਚ ਲਿਆਵੇਗੀ।"

ਇੰਗਲੈਂਡ ਵਿਚ ਉਸੇ ਦਿਨ ਲਾਰਡ ਵਿੰਟਰਟਨ ਨੇ ਹਾਊਸ ਆਫ ਕਾਮਨਜ਼ ਵਿਚ ਭਾਸ਼ਨ ਦਿੰਦੇ ਹੋਏ ਕਿਹਾ :-

"ਬੰਬਈ ਅਸੈਂਬਲੀ ਵਿਚ ਬੋਲਦਿਆਂ ਗਵਰਨਰ ਨੇ ਜੋ ਸ਼ਰਤਾਂ ਪੇਸ਼ ਕੀਤੀਆਂ ਹਨ, ਜੇ ਉਨ੍ਹਾਂ ਦੀ ਪਾਲਣਾ ਨਾ ਕੀਤੀ ਗਈ ਤਾਂ ਇਸ ਅੰਦੋਲਨ ਨੂੰ ਕੁਚਲ ਦੇਣ ਲਈ ਬੰਬਈ ਸਰਕਾਰ ਨੂੰ ਪੂਰੀ ਖੁਲ੍ਹ ਹੈ। ਇਹ ਅੰਦੋਲਨ ਲੋਕਾਂ ਦੀਆਂ ਤਕਲੀਫਾਂ ਦੂਰ ਕਰਨ ਲਈ ਨਹੀਂ, ਸਗੋਂ ਸਰਕਾਰ ਨੂੰ ਦਬਾਉਣ ਲਈ ਸ਼ੁਰੂ ਕੀਤਾ ਗਿਆ ਹੈ।" ਬੰਬਈ ਦੇ ਗਵਰਨਰ ਤੇ ਲਾਰਡ ਵਿੰਟਰਟਨ ਦੇ ਭਾਸ਼ਣਾ ਨੇ ਅੱਗ ਤੇ ਤੇਲ ਦਾ ਕੰਮ ਕੀਤਾ। ਦੇਸ਼ ਦੇ ਗਰਮ ਦਲ ਦੇ ਨੌਜਵਾਨਾਂ ਨੇ ਇਨ੍ਹਾਂ ਭਾਸ਼ਣਾਂ ਦਾ ਸੁਆਗਤ ਕੀਤਾ। ਸ: ਸਰਦੂਲ ਸਿੰਘ ਕਵੀਸ਼ਰ ਤੇ ਕਈ ਹੋਰ ਗਰਮ ਦਲ ਦੇ ਲੀਡਰਾਂ ਨੇ ਗਾਂਧੀ ਜੀ ਨੂੰ ਲਿਖਿਆ "ਬਾਰਦੌਲੀ ਵਿਚ ਵਲਭ ਭਾਈ ਨੇ ਬਹੁਤ ਸਫਲਤਾ ਪੂਰਬਕ ਸਤਿਆਗ੍ਰਹਿ ਚਲਾਇਆ। ਹੁਣ ਵਕਤ ਆ ਗਿਆ ਹੈ ਕਿ ਇਸ ਅੰਦੋਲਨ ਨੂੰ ਸਾਰੇ ਦੇਸ਼ ਵਿਚ ਸ਼ੁਰੂ ਕਰ ਦਿੱਤਾ ਜਾਵੇ "। ਇਸ ਦੇ ਉਤਰ ਵਿਚ ਗਾਂਧੀ ਜੀ ਨੇ "ਯੰਗ ਇੰਡੀਆ" ਵਿਚ ਲਿਖਿਆ, ਸ: ਸਰਦੂਲ ਸਿੰਘ ਕਵੀਸ਼ਰ ਦੇ ਸੁਝਾਅ ਮੁਤਾਬਕ ਸਾਰੇ ਦੇਸ਼ ਵਿਚ ਅੰਦੋਲਨ ਚਲਾਉਣ ਦਾ ਹਾਲੀ ਸਮਾਂ ਨਹੀਂ ਆਇਆ। ਅਜੇ ਬਾਰਦੌਲੀ ਅੰਦੋਲਨ ਜਾਰੀ ਹੈ। ਜੇ ਇਹ ਮੋਰਚਾ ਫਤਹਿ ਹੋ ਗਿਆ ਤੇ ਸਰਕਾਰ ਨੇ ਬੇਇਨਸਾਫੀ ਜਾਰੀ ਰੱਖੀ ਤਾਂ ਬਾਰਦੌਲੀ ਮੋਰਚੇ ਨੂੰ ਸਾਰੇ ਦੇਸ਼ ਵਿਚ ਫੈਲ ਜਾਣੋ ਰੋਕਣ ਦੀ ਨਾ ਵਲਭ ਭਾਈ ਵਿਚ ਤੇ ਨਾ ਮੇਰੇ ਵਿਚ ਸਮਰੱਥਾ ਹੋਵੇਗੀ। ਫਿਰ ਤਾਂ ਸਤਿਆਗ੍ਰਹਿ ਆਤਮ ਬਲੀਦਾਨ ਤੇ ਹੋਰ ਹਰ ਪ੍ਰਕਾਰ ਦੀਆਂ ਕੁਰਬਾਨੀਆਂ ਦੀ ਮੰਗ ਕਰੇਗਾ। ਹਾਲੀ ਤੱਕ ਸਾਡਾ ਯਤਨ ਹੈ ਕਿ ਇਹ ਸਤਿਆਗ੍ਰਹਿ ਬਾਰਦੌਲੀ ਤਕ ਹੀ ਸੀਮਤ ਰਹੇ....।"

ਦੋ ਅਗਸਤ ਨੂੰ ਗਾਂਧੀ ਜੀ ਆਪ ਬਾਰਦੌਲੀ ਪਹੁੰਚੇ। ਇਲਾਕੇ ਦੇ ਲੋਕਾਂ ਨੂੰ ਜਥੇਬੰਦੀ ਵਿਚ ਪਰੋਤੇ ਅਤੇ ਵਲਭ ਭਾਈ ਦੀ ਆਗਿਆ ਵਿਚ ਵੇਖ ਕੇ ਉਹ ਬਹੁਤ ਪ੍ਰਸੰਨ ਹੋਏ। ਹੁਣ ਤਕ ਸਰਕਾਰ ਦੇ ਸਾਰੇ ਹਥਕੰਡੇ ਅਸਫਲ ਹੋ ਚੁਕੇ ਸਨ। ਸਰਕਾਰ ਨੂੰ ਯਕੀਨ ਹੋ ਚੁੱਕਾ ਸੀ ਕਿ ਬਾਰਦੌਲੀ ਦੇ ਕਿਸਾਨ ਪਾਸੋਂ ਕਿਸੇ ਹਾਲਤ ਵਿਚ ਵੀ ਲਗਾਨ ਵਸੂਲ ਨਹੀਂ ਹੋ ਸਕਦਾ। ਅੰਤ ਸਰਕਾਰ ਤੰਗ ਆ ਗਈ। ਗਵਰਨਰ ਨੇ ਵਲਭ ਭਾਈ ਨੂੰ ਗੱਲਬਾਤ ਲਈ ਬੁਲਾਇਆ। ਵਲਭ ਭਾਈ ਨੇ ਸਾਫ ਸਾਫ ਗੱਲ ਕੀਤੀ। "ਅੰਦੋਲਨ ਦੇ ਸਮੇਂ ਜਿਨ੍ਹਾਂ ਸਰਕਾਰੀ ਕਰਮਚਾਰੀਆਂ ਨੇ ਨੌਕਰੀਆਂ ਛੱਡੀਆਂ ਹਨ, ਉਨ੍ਹਾਂ ਨੂੰ ਬਹਾਲ ਕੀਤਾ ਜਾਵੇ, ਕੁਰਕ ਕੀਤਾ ਸਾਮਾਨ, ਮਾਲ ਤੇ

ਜ਼ਬਤ ਕੀਤੀਆਂ ਜ਼ਮੀਨਾਂ ਵਾਪਸ ਕੀਤੀਆਂ ਜਾਣ, ਕੈਦ ਕੀਤੇ ਲੋਕਾਂ ਨੂੰ ਰਿਹਾ ਕੀਤਾ ਜਾਵੇ। ਲਗਾਨ ਬਾਰੇ ਮੁੜ ਨਵੇਂ ਸਿਰਿਉਂ ਪੜਤਾਲ ਕਰਾਈ ਜਾਵੇ ਤਾਂ ਹੀ ਇਹ ਅੰਦੋਲਨ ਵਾਪਸ ਲਿਆ ਜਾਵੇਗਾ ਤੇ ਕਿਸਾਨ ਪਹਿਲਾਂ ਵਾਲਾ ਲਗਾਨ ਦੇਣ ਲਈ ਤਿਆਰ ਹੋ ਜਾਣਗੇ"।

ਬੜ੍ਹਕਾਂ ਮਾਰਨ ਵਾਲੀ ਸਰਕਾਰ ਨੇ ਗੋਡੇ ਟੇਕ ਦਿੱਤੇ। ਗਵਰਨਰ ਨੇ ਵਲਭ ਭਾਈ ਦੀਆਂ ਇਕ ਦਮ ਸਾਰੀਆਂ ਸ਼ਰਤਾਂ ਪ੍ਰਵਾਨ ਕਰ ਲਈਆਂ। ਇਸ ਤਰ੍ਹਾਂ ਅਕਤੂਬਰ 1928 ਵਿਚ ਬਾਰਦੌਲੀ ਸਤਿਆਗ੍ਰਹਿ ਵਿਚ ਵਲਭ ਭਾਈ ਨੂੰ ਪੂਰੀ ਤਰ੍ਹਾਂ ਜਿੱਤ ਪ੍ਰਾਪਤ ਹੋਈ ਜਿਸ ਨਾਲ ਸਾਰੇ ਦੇਸ਼ ਵਿਚ ਖੁਸ਼ੀ ਦੀ ਲਹਿਰ ਦੌੜ ਗਈ।

**ਵਲਭ ਭਾਈ ਤੋਂ ਸਰਦਾਰ ਪਟੇਲ :**

ਇਨ੍ਹੀਂ ਦਿਨੀਂ ਬੰਬਈ ਦੇ ਇਕ ਜਲਸੇ ਵਿਚ ਬੋਲਦਿਆਂ ਹੋਇਆਂ ਇਕ ਸੱਜਣ ਨੇ ਸਤਿਆਗ੍ਰਹਿ ਵਿਚ ਵਲਭ ਭਾਈ ਦੀ ਯੋਗਤਾ ਅਤੇ ਸਿਆਣਪ ਨੂੰ ਸਾਹਮਣੇ ਰਖਦਿਆਂ ਹੋਇਆਂ, ਉਸ ਨੂੰ 'ਸਰਦਾਰ' ਦੇ ਉਪਨਾਮ ਨਾਲ ਯਾਦ ਕੀਤਾ। ਗਾਂਧੀ ਜੀ ਨੇ ਇਸ ਉਪਨਾਮ ਤੇ ਮੋਹਰ ਲੱਗਾ ਦਿਤੀ। ਸੋ ਬਾਰਦੌਲੀ ਸਤਿਆਗ੍ਰਹਿ ਮਗਰੋਂ ਵਲਭ ਭਾਈ, ਸਰਦਾਰ ਪਟੇਲ ਦੇ ਨਾਂ ਨਾਲ ਯਾਦ ਕੀਤੇ ਜਾਣ ਲੱਗ ਪਏ।

**ਕਲਕੱਤਾ ਕਾਂਗਰਸ:**

ਦਸੰਬਰ 1928 ਨੂੰ ਕਾਂਗਰਸ ਦਾ ਇਜਲਾਸ ਕਲੱਕਤੇ ਵਿਚ ਹੋਇਆ। ਇਸਦੇ ਪ੍ਰਧਾਨ, ਪੰਡਤ ਮੋਤੀ ਲਾਲ ਨਹਿਰੂ ਸਨ। ਸੰਨ 1925 ਵਿਚ ਦੇਸ਼ ਬੰਧੂ ਦਾਸ ਦੀ ਮ੍ਰਿਤੂ ਹੋ ਜਾਣ ਕਾਰਣ ਸਵਰਾਜ ਦਲ ਦਾ ਸਾਰਾ ਬੋਝ ਪੰ: ਮੋਤੀ ਲਾਲ ਦੇ ਮੋਢਿਆ ਤੇ ਆ ਪਿਆ ਸੀ। ਇਨ੍ਹਾਂ ਦਿਨਾਂ ਵਿਚ ਗਾਂਧੀ ਜੀ ਦੇਸ਼ ਦੀ ਰਾਜਨੀਤੀ ਵਿਚ ਦਿਲਚਸਪੀ ਨਹੀਂ ਸਨ ਲੈ ਰਹੇ। ਗਰਮ ਅਤੇ ਨਰਮ ਧੜੇ ਵਿਚ ਤਕੜੀ ਟੱਕਰ ਸੀ। ਇਨ੍ਹਾਂ ਦਿਨਾਂ ਵਿਚ ਸਾਈਮਨ ਕਮਿਸ਼ਨ ਭਾਰਤ ਆਇਆ। ਥਾਂ ਥਾਂ ਕਾਲੀਆਂ ਝੰਡੀਆਂ ਨਾਲ ਉਸ ਦਾ ਸੁਆਗਤ ਕੀਤਾ ਗਿਆ। ਕਈ ਥਾਂਵਾਂ ਤੇ ਲਾਠੀ ਚਾਰਜ ਹੋਇਆ। ਲਾਹੌਰ ਵਿਖੇ ਸਾਈਮਨ ਦੇ ਆਉਣ ਤੇ ਕਾਲੀਆਂ ਝੰਡੀਆਂ ਨਾਲ ਵਿਖਾਵਾ ਕੀਤਾ ਗਿਆ। ਪੁਲਿਸ ਦੀਆਂ ਲਾਠੀਆਂ ਨਾਲ ਪੰਜਾਬ ਦੇ ਕਾਂਗਰਸੀ ਲੀਡਰ, ਲਾਲਾ ਲਾਜਪਤ ਰਾਏ ਬੁਰੀ ਤਰ੍ਹਾਂ ਜ਼ਖਮੀ ਹੋਏ। ਕੁਝ ਦਿਨਾਂ ਮਗਰੋਂ ਉਨ੍ਹਾਂ ਦੀ ਮ੍ਰਿਤੂ ਹੋ ਗਈ। ਲਾਲਾ ਲਾਜਪਤ ਰਾਇ ਦੀ ਮੌਤ ਦਾ ਫੌਰਨ ਬਦਲਾ ਲਿਆ ਗਿਆ। ਸ: ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਨੇ ਸਾਂਡਰਸ ਨੂੰ ਗੋਲੀ ਮਾਰ ਕੇ ਮਾਰ ਦਿੱਤਾ। ਕੁਝ ਚਿਰ ਮਗਰੋਂ ਉਨ੍ਹਾਂ ਨੇ ਸੈਂਟਰਲ ਅਸੈਂਬਲੀ ਦਿਲੀ ਵਿਚ ਬੰਬ ਸੁਟ ਕੇ ਘੂਕ ਸੁਤੀ ਪਈ ਅੰਗਰੇਜ਼ੀ ਸਰਕਾਰ ਨੂੰ ਜਗਾਇਆ ਕਿ

ਦੇਸ਼ ਦੇ ਨੌਜਵਾਨ ਆਜ਼ਾਦੀ ਲਏ ਬਿਨਾਂ ਨਹੀਂ ਰਹਿਣਗੇ। ਉਤਰ ਪ੍ਰਦੇਸ਼ ਵਿਚ ਜਵਾਹਰ ਲਾਲ ਨਹਿਰੂ ਤੇ ਵੀ ਲਾਠੀਆਂ ਵਰਸਾਈਆਂ ਗਈਆਂ। ਇਸ ਤਰ੍ਹਾਂ ਦੇਸ਼ ਵਿਚ ਅੰਗ ਰੇਜ਼ਾਂ ਵਿਰੁੱਧ ਕਾਫੀ ਜੋਸ਼ ਪਾਇਆ ਜਾਂਦਾ ਸੀ। ਨੌਜਵਾਨ "ਕੁਝ ਕਰੋ ਜਾਂ ਮਰੋ" ਲਈ ਤਿਆਰ ਹੋ ਰਹੇ ਸਨ। ਕਲਕੱਤਾ ਇਜਲਾਸ ਵਿਚ ਪੰਡਤ ਜਵਾਹਰ ਲਾਲ ਨੇ ਸਵਰਾਜ ਦਲ ਦੇ ਅਧੂਰੇ ਸਵਰਾਜ ਦੀ ਥਾਂ ਪੂਰਨ ਸਵਰਾਜ ਦਾ ਮਤਾ ਪੇਸ਼ ਕਰਨਾ ਸੀ। ਇਸ ਤਰ੍ਹਾਂ ਗਰਮ ਤੇ ਨਰਮ ਦਲਾਂ ਵਿਚ ਫੁਟ ਪੈਣ ਦੀ ਸੰਭਾਵਨਾ ਸੀ। ਇਸ ਸਮੇਂ ਗਾਂਧੀ ਜੀ ਕਲਕੱਤਾ ਪਹੁੰਚੇ। ਉਨ੍ਹਾਂ ਨੇ ਪੂਰਨ ਸਵਰਾਜ ਦੀ ਪ੍ਰਾਪਤੀ ਲਈ ਸਿਰਫ ਇਕ ਸਾਲ ਦਾ ਸਮਾਂ ਸਰਕਾਰ ਨੂੰ ਦੇਣ ਦਾ ਪ੍ਰਸਤਾਵ ਪੇਸ਼ ਕੀਤਾ ਜੋ ਪਾਸ ਹੋ ਗਿਆ, ਤੇ ਦੋਵੇਂ ਧੜੇ ਫੁਟ ਤੋਂ ਬਚ ਗਏ।

ਸਰਦਾਰ ਪਟੇਲ ਇਸ ਇਜਲਾਸ ਵਿਚ ਮੌਜੂਦ ਸਨ। ਉਹ ਬਾਰਦੌਲੀ ਸਤਿਆਗ੍ਰਹਿ ਦੇ ਹੀਰੋ ਸਨ। ਦਰਸ਼ਕਾਂ ਨੇ ਤਾੜੀਆਂ ਨਾਲ ਉਨ੍ਹਾਂ ਦਾ ਸੁਆਗਤ ਕੀਤਾ। ਉਹ ਸਟੇਜ ਤੇ ਆਉਣਾ ਨਹੀਂ ਸਨ ਚਾਹੁੰਦੇ। ਉਨ੍ਹਾਂ ਨੂੰ ਧਿੰਗੋਜ਼ੋਰੀ ਸਟੇਜ ਤੇ ਲਿਆਂਦਾ ਗਿਆ। ਉਨ੍ਹਾਂ ਨੇ ਸੰਖੇਪ ਸ਼ਬਦਾਂ ਵਿਚ ਸਭ ਦਰਸ਼ਕਾਂ ਦਾ ਧੰਨਵਾਦ ਕੀਤਾ।

ਅਗਲੇ ਸਾਲ 31 ਦਸੰਬਰ 1929 ਨੂੰ ਕਾਂਗਰਸ ਦਾ ਇਜਲਾਸ ਪੰਡਤ ਜਵਾਹਰ ਲਾਲ ਦੀ ਪ੍ਰਧਾਨਗੀ ਹੇਠ ਲਾਹੌਰ ਵਿਚ ਹੋਇਆ ਜਿਸ ਵਿਚ “ਪੂਰਨ ਅਜ਼ਾਦੀ ਦਾ ਮਤਾ ਪਾਸ ਕੀਤਾ ਗਿਆ।

**ਲੂਣ ਸਤਿਆਗ੍ਰਹਿ:**

ਇਸ ਇਜਲਾਸ ਮਗਰੋਂ ਗਾਂਧੀ ਜੀ ਨੇ ਲੂਣ ਸਤਿਆਗ੍ਰਹਿ ਸ਼ੁਰੂ ਕੀਤਾ। ਜਿਸ ਵਿਚ ਵਲਭ ਭਾਈ ਸਭ ਤੋਂ ਪਹਿਲਾਂ ਮੈਦਾਨ ਵਿਚ ਨਿਤਰੇ। ਗਾਂਧੀ ਜੀ ਨੇ ਡਾਂਡੀ ਯਾਤਰਾ ਆਰੰਭ ਦਿਤੀ। ਵਲਭ ਭਾਈ ਨੇ ਲੋਕਾਂ ਨੂੰ ਤਿਆਰ ਕਰਨ ਲਈ ਗੁਜਰਾਤ ਦੇ ਪਿੰਡਾਂ ਦਾ ਦੌਰਾ ਕੀਤਾ। 7 ਮਾਰਚ ਨੂੰ ਜਦੋਂ ਉਹ ‘ਰਾਸ' ਨਾਂ ਦੇ ਪਿੰਡ ਪਹੁੰਚੇ ਤਾਂ ਕੁਲੈਕਟਰ ਨੇ ਉਨ੍ਹਾਂ ਨੂੰ ਭਾਸ਼ਣ ਦੇਣ ਤੋਂ ਰੋਕਿਆ। ਸਰਦਾਰ ਪਟੇਲ ਨੇ ਉਸ ਦੇ ਹੁਕਮ ਦੀ ਪਾਲਣਾ ਕਰਨ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ ਗਿਆ ਤੇ ਪੰਜ ਸੌ ਰੁਪਏ ਜੁਰਮਾਨਾ ਅਤੇ ਪੌਣੇ ਚਾਰ ਮਹੀਨੇ ਕੈਦ ਦੀ ਸਜ਼ਾ ਹੋਈ।

ਜੇਲ੍ਹ ਵਿਚ ਉਨ੍ਹਾਂ ਨਾਲ ਚੰਗਾ ਸਲੂਕ ਨਾ ਕੀਤਾ ਗਿਆ। ਘਟੀਆ ਖੁਰਾਕ ਕਾਰਣ ਉਨ੍ਹਾਂ ਦੀ ਸਿਹਤ ਖਰਾਬ ਹੋ ਗਈ। ਉਨ੍ਹਾਂ ਦਾ ਭਾਰ ਵੀ ਪੰਦਰਾਂ ਪੌਂਡ ਘਟ ਗਿਆ। ਸਰਦਾਰ ਪਟੇਲ 6 ਜੂਨ ਨੂੰ ਰਿਹਾ ਹੋ ਗਏ। ਉਸ ਸਮੇਂ ਲੂਣ ਸਤਿਆਗ੍ਰਹਿ ਖੂਬ ਜ਼ੋਰਾਂ ਤੇ ਸੀ। ਸਰਕਾਰ ਬੜਾ ਜ਼ੁਲਮ ਢਾਹ ਰਹੀ ਸੀ। ਸਤਿਆਗ੍ਰਹੀਆਂ ਤੇ ਲਾਠੀਆਂ ਬਾਰਸ਼ ਵਾਂਗ ਵਰਦੀਆਂ ਸਨ।

ਉਹ ਹੱਸਦੇ ਹੱਸਦੇ ਸਰਕਾਰ ਦੀਆਂ ਲਾਠੀਆਂ ਤੇ ਗੋਲੀਆਂ ਖਾਂਦੇ ਤੇ ਪ੍ਰਾਣਾਂ ਦੀ ਬਾਜ਼ੀ ਲਾਕੇ ਆਜ਼ਾਦੀ ਦੀ ਲੜਾਈ ਵਿਚ ਹਿੱਸਾ ਪਾ ਰਹੇ ਸਨ।

ਪੰਡਤ ਜਵਾਹਰ ਲਾਲ ਦੀ ਗ੍ਰਿਫਤਾਰੀ ਮਗਰੋਂ ਸਤਿਆਗ੍ਰਹਿ ਪੰਡਤ ਮੋਤੀ ਲਾਲ ਦੀ ਅਗਵਾਈ ਵਿਚ ਚਲ ਰਿਹਾ ਸੀ। ਜਦੋਂ ਉਹ ਜੇਲ੍ਹ ਚਲੇ ਗਏ, ਤਾਂ ਸਰਦਾਰ ਪਟੇਲ ਨੂੰ ਆਪਣਾ ਜਾਂਨਸ਼ੀਨ ਮੁੱਕਰਰ ਕਰ ਗਏ। ਹੁਣ 'ਸਰਦਾਰ ਪਟੇਲ ਹੀ ਇਸ ਮੋਰਚੇ ਨੂੰ ਚਲਾ ਰਹੇ ਸਨ। ਲੋਕ ਮਾਨਯ ਤਿਲਕ ਦੀ ਬਰਸੀ ਦਾ ਦਿਨ ਆ ਗਿਆ। ਲੱਖਾਂ ਬੰਬਈ ਨਿਵਾਸੀਆਂ ਨੇ ਵਲਭ ਭਾਈ ਦੀ ਅਗਵਾਈ ਵਿਚ ਇਕ ਤਕੜਾ ਜਲੂਸ ਕਢਿਆ। ਪੁਲਿਸ ਨੇ ਜਲੂਸ ਨੂੰ ਰੋਕ ਲਿਆ। ਲੋਕੀ ਸੜਕ ਤੇ ਬੈਠ ਗਏ। ਸ਼ਾਮ ਦੇ ਚਾਰ ਵਜੇ ਤੋਂ ਸਵੇਰ ਦੇ ਅੱਠ ਵਜੇ ਤੱਕ ਪੂਰੇ ਸੋਲਾਂ ਘੰਟੇ, ਲੋਕੀ ਭੁੱਖੇ ਪਿਆਸੇ ਸੜਕਾਂ ਤੇ ਬੈਠੇ ਪੁਲਿਸ ਦੀਆਂ ਲਾਠੀਆਂ ਖਾਂਦੇ ਰਹੇ। ਸੈਂਕੜਿਆਂ ਦੇ ਸਿਰ ਫੁਟ ਗਏ ਤੇ ਹਜ਼ਾਰਾਂ ਬੇਹੋਸ਼ ਹੋ ਗਏ, ਪਰ ਲੋਕ ਪਿਛੇ ਨਾ ਹਟੇ। ਸਰਦਾਰ ਵਲਭ ਭਾਈ ਗ੍ਰਿਫਤਾਰ ਕਰ ਲਏ ਗਏ। ਉਨ੍ਹਾਂ ਨੂੰ ਤਿੰਨ ਮਹੀਨਿਆਂ ਦੀ ਸਜ਼ਾ ਦਿਤੀ ਗਈ।

ਲੂਣ ਸਤਿਆਗ੍ਰਹਿ ਤੋਂ ਸਰਕਾਰ ਤੰਗ ਪੈ ਗਈ। ਅਖੀਰ 'ਇਰਵਨ ਗਾਂਧੀ' ਸਮਝੌਤਾ ਹੋ ਗਿਆ। ਸਾਰੇ ਕੈਦੀ ਛੱਡ ਦਿੱਤੇ ਗਏ। ਸਰਦਾਰ ਵਲਭ ਭਾਈ ਵੀ ਜੇਲ੍ਹ ਤੋਂ ਬਾਹਰ ਆ ਗਏ।

## ਸਰਦਾਰ ਪਟੇਲ ਕਰਾਚੀ ਕਾਂਗਰਸ ਸੈਸ਼ਨ ਦੇ ਪ੍ਰਧਾਨ

ਲਾਹੌਰ ਕਾਂਗਰਸ ਸਮੇਂ ਸਰਦਾਰ ਪਟੇਲ ਨੂੰ ਪ੍ਰਧਾਨ ਬਨਾਉਣ ਦਾ ਵਿਚਾਰ ਸੀ, ਪਰ ਵਲਭ ਭਾਈ ਨੇ ਪ੍ਰਵਾਨ ਨਾ ਕੀਤਾ। ਪਰੰਤੂ ਕਾਂਗਰਸ ਦੇ 1931 ਦੇ ਕਰਾਚੀ ਇਜਲਾਸ ਸਮੇਂ ਉਨ੍ਹਾਂ ਨੂੰ ਆਲ ਇੰਡੀਆ ਕਾਂਗਰਸ ਦਾ ਪ੍ਰਧਾਨ ਚੁਣਿਆ ਗਿਆ। ਕਰਾਚੀ ਕਾਂਗਰਸ ਦਾ ਇਹ ਇਜਲਾਸ ਬੜਾ ਅਹਿਮ ਸੀ। ਇਸ ਤੋਂ ਕੁਝ ਦਿਨ ਪਹਿਲਾਂ ਹੀ ਸਰਕਾਰ ਨੇ ਸ: ਭਗਤ ਸਿੰਘ ਤੇ ਉਸ ਦੇ ਸਾਥੀਆਂ ਨੂੰ ਫਾਂਸੀ ਦਿਤੀ ਸੀ। ਦੇਸ਼ ਭਰ ਦੇ ਨੌਜਵਾਨਾਂ ਦੇ ਦਿਲਾਂ ਵਿਚ ਗੁੱਸੇ ਦੀ ਅੱਗ ਭੜਕ ਰਹੀ ਸੀ। ਪ੍ਰਧਾਨ ਦਾ ਜਲੂਸ ਸ: ਭਗਤ ਸਿੰਘ ਤੇ ਉਨ੍ਹਾਂ ਦੇ ਸਾਥੀਆਂ ਦੀ ਯਾਦ ਵਿਚ ਬੰਦ ਕਰ ਦਿੱਤਾ ਗਿਆ। ਨੌਜਵਾਨਾਂ ਦਾ ਗਰਮ ਦਲ ਅੰਗਰੇਜ਼ਾਂ ਨਾਲ ਕਿਸੇ ਤਰ੍ਹਾਂ ਦੇ ਸਮਝੌਤੇ ਦੇ ਵਿਰੁੱਧ ਸੀ। ਉਹ ਆਪਣੇ ਸ਼ਹੀਦਾਂ ਦਾ ਬਦਲਾ ਲੈਣ ਤੇ ਤੁਲਿਆ ਹੋਇਆ ਸੀ। ਗਾਂਧੀ ਜੀ, ਪੰਡਤ ਜਵਾਹਰ ਲਾਲ, ਵਲਭ ਭਾਈ ਆਦਿ ਨੇਤਾਵਾਂ ਨੇ ਬੜੀ ਮੁਸ਼ਕਲ ਨਾਲ ਇਨ੍ਹਾਂ ਹਾਲਾਤ ਤੇ ਕਾਬੂ ਪਾਇਆ।

**ਗੋਲ ਮੇਜ਼ ਕਾਨਫ਼ਰੰਸ ਅਸਫ਼ਲ ਰਹੀ:**

ਇਰਵਨ-ਗਾਂਧੀ ਸਮਝੌਤੇ ਮਗਰੋਂ ਭਾਰਤੀ ਲੀਡਰਾਂ ਨੂੰ ਗੱਲ ਬਾਤ ਕਰਨ ਲਈ ਵਲਾਇਤ ਬੁਲਾਇਆ ਗਿਆ। ਗਾਂਧੀ ਜੀ ਅਤੇ ਹੋਰ ਭਾਰਤੀ ਨੇਤਾ ਇਸ ਗੋਲ ਮੇਜ਼ ਕਾਨਫਰੰਸ ਵਿਚ ਸ਼ਾਮਲ ਹੋਏ, ਪਰ ਕੋਈ ਸਮਝੌਤਾ ਨਾ ਹੋ ਸਕਿਆ ਅਤੇ ਉਹ ਉਥੋਂ ਖਾਲੀ ਹੱਥ ਵਾਪਸ ਪਰਤੇ। ਸਰਕਾਰ ਨੇ ਫੈਸਲਾ ਕੀਤਾ ਕਿ ਭਾਰਤੀਆਂ ਵਿਚੋਂ ਆਜ਼ਾਦੀ ਦੇ ਜਜ਼ਬੇ ਨੂੰ ਕੁਚਲ ਕੇ ਰੱਖ ਦਿੱਤਾ ਜਾਵੇ। ਗਾਂਧੀ ਜੀ ਨੇ ਸਤਿਆਗ੍ਰਹਿ ਦਾ ਐਲਾਨ ਕਰ ਦਿੱਤਾ। ਬਹੁਤ ਸਾਰੇ ਨੇਤਾ ਗ੍ਰਿਫਤਾਰ ਕਰ ਲਏ ਗਏ। ਸਰਦਾਰ ਵਲਭ ਭਾਈ ਨੂੰ ਵੀ ਫੜ ਲਿਆ ਗਿਆ। ਇਸ ਵਾਰ ਉਨ੍ਹਾਂ ਦੀ ਸਿਹਤ ਬਹੁਤ ਗਿਰ ਗਈ ਜਿਸ ਲਈ ਸਜ਼ਾ ਖ਼ਤਮ ਹੋਣ ਤੋਂ ਪਹਿਲਾ ਹੀ ਉਨ੍ਹਾਂ ਨੂੰ ਛੱਡ ਦਿੱਤਾ ਗਿਆ।

**ਪਹਿਲੀਆਂ ਚੋਣਾਂ :**

1935 ਵਿਚ ਪਹਿਲੀ ਵਾਰ ਭਾਰਤ ਵਾਸੀਆਂ ਨੂੰ ਚੋਣਾਂ ਵਿਚ ਵੋਟ ਦੇਣ ਦਾ ਹੱਕ ਪ੍ਰਾਪਤ ਹੋਇਆ। ਕਾਂਗਰਸ ਨੇ ਚੋਣਾਂ ਲੜਨ ਦਾ ਫੈਸਲਾ ਕੀਤਾ। ਇਕ ਪਾਰਲੀਮੈਂਟਰੀ ਬੋਰਡ ਬਣਾਇਆ ਗਿਆ ਜਿਸ ਦੇ ਪ੍ਰਧਾਨ ਸਰਦਾਰ ਪਟੇਲ ਸਨ। ਉਨ੍ਹਾਂ ਨੂੰ ਸਿਹਤ ਕਮਜ਼ੋਰ ਹੋਣ ਕਾਰਣ ਡਾਕਟਰਾਂ ਨੇ ਆਰਾਮ ਕਰਨ ਦੀ ਸਲਾਹ ਦਿਤੀ ਪਰ ਇਸ ਨਾਜ਼ੁਕ ਸਮੇਂ ਉਨ੍ਹਾਂ ਆਰਾਮ ਕਰਨਾ ਠੀਕ ਨਾ ਸਮਝਿਆ। ਉਹ ਮੈਦਾਨ ਵਿਚ ਆਣ ਨਿਤਰੇ। ਉਨ੍ਹਾਂ ਸਾਰੇ ਦੇਸ਼ ਦਾ ਦੌਰਾ ਕੀਤਾ ਜਿਸਦਾ ਨਤੀਜਾ ਇਹ ਨਿਕਲਿਆ ਕਿ ਅੱਠਾਂ ਸੂਬਿਆਂ ਵਿਚ ਕਾਂਗਰਸੀ ਹਕੂਮਤਾਂ ਬਣ ਗਈਆਂ। ਚੋਣਾਂ ਸਮੇਂ ਕਾਂਗਰਸੀ ਉਮੀਦਵਾਰਾਂ ਦੀ ਚੋਣ ਕਰਨੀ ਸਰਦਾਰ ਦੇ ਸਪੁਰਦ ਸੀ, ਤੇ ਹੁਣ ਮੰਤਰੀ ਮੰਡਲ ਬਨਾਉਣ ਸਮੇਂ ਵੀ ਉਨ੍ਹਾਂ ਨੇ ਉਹੀ ਮੈਂਬਰ ਮੰਤਰੀ ਮੰਡਲ ਵਿਚ ਲਿਆਂਦੇ ਜਿਨ੍ਹਾਂ ਬਾਰੇ ਵਿਸ਼ਵਾਸ ਸੀ ਕਿ ਉਹ ਦੇਸ਼ ਸੇਵਾ ਦੇ ਕਾਰਜਾਂ ਤੋਂ ਪਿੱਛੇ ਨਹੀਂ ਹਟਣਗੇ ਤੇ ਸਦਾ ਕਾਂਗਰਸ ਦੇ ਵਫ਼ਾਦਾਰ ਰਹਿਣਗੇ।

ਸਰਦਾਰ ਪਟੇਲ ਮੰਤਰੀਆਂ ਤੇ ਅਸੈਂਬਲੀ ਦੇ ਕਾਂਗਰਸੀ ਮੈਂਬਰਾਂ ਤੇ ਸਖ਼ਤ ਨਿਗਰਾਨੀ ਰੱਖਦੇ ਸਨ। ਉਹ ਕਾਂਗਰਸ ਦੀ ਨੀਤੀ ਨੇ ਨਾ ਚਲਣ ਵਾਲੇ ਮੰਤਰੀਆਂ ਨੂੰ ਅਸਤੀਫਾ ਦੇਣ ਲਈ ਮਜ਼ਬੂਰ ਕਰ ਦਿੰਦੇ ਸਨ। ਮੱਧ ਪ੍ਰਦੇਸ਼ ਦੇ ਮੁੱਖ ਮੰਤਰੀ ਡਾ: ਖਰੇ ਨੂੰ ਸਰਦਾਰ ਪਟੇਲ ਦੇ ਹੁਕਮ ਨਾਲ ਹੀ ਮੁੱਖ ਮੰਤਰੀ ਦਾ ਪਦ ਛੱਡਣਾ ਪਿਆ ਸੀ।

## 1942 ਦਾ ਭਾਰਤ ਛਡੋ ਅੰਦੋਲਨ

1942 ਵਿਚ ਗਾਂਧੀ ਜੀ ਤੇ ਕਾਂਰਗਸੀ ਨੇਤਾਵਾਂ ਨੇ ਦੇਸ਼ ਦੀ ਮੁਕੰਮਲ ਆਜ਼ਾਦੀ ਲਈ ਅੰਗਰੇਜ਼ਾਂ ਨੂੰ ਅੰਤਮ ਚਨੌਤੀ ਦੇ ਦਿੱਤੀ। ਸਰਕਾਰ ਨੇ ਗਾਂਧੀ ਜੀ ਸਣੇ ਬਹੁਤ ਸਾਰੇ ਕਾਂਗਰਸੀ ਲੀਡਰਾਂ ਨੂੰ ਗ੍ਰਿਫ਼ਤਾਰ ਕਰ ਲਿਆ। ਸਰਦਾਰ ਪਟੇਲ ਤੇ ਹੋਰ ਬਹੁਤ ਸਾਰੇ ਨੇਤਾ ਅਹਿਮਦਾਬਾਦ ਜੇਲ੍ਹ ਵਿਚ ਰੱਖੇ ਗਏ। ਸਰਦਾਰ ਪਟੇਲ ਨੇ 9 ਅਗਸਤ ਤੋਂ ਪਹਿਲਾਂ ਆਪਣੇ ਭਾਸ਼ਣ ਵਿਚ ਕਿਹਾ ਸੀ, ਕਿ ਅੰਗਰੇਜ਼ੀ ਸਰਕਾਰ ਨਾਲ ਸਾਡਾ ਇਹ ਆਖ਼ਰੀ ਯੁੱਧ ਹੋਵੇਗਾ। ਅੰਗਰੇਜ਼ਾਂ ਨੂੰ ਇਸ ਲੜਾਈ ਵਿਚ ਇਕ ਹਫਤੇ ਦੇ ਅੰਦਰ ਅੰਦਰ ਗੋਡੇ ਟੇਕਣੇ ਪੈਣਗੇ। 15 ਜੂਨ, 1945 ਨੂੰ ਬਹੁਤ ਸਾਰੇ ਨੇਤਾਵਾਂ ਨਾਲ ਸਰਦਾਰ ਪਟੇਲ ਵੀ ਜੇਲ੍ਹ ਵਿਚੋਂ ਬਾਹਰ ਆ ਗਏ। ਅੰਗਰੇਜ਼ੀ ਸਰਕਾਰ ਨੇ ਐਲਾਨ ਕਰ ਦਿੱਤਾ ਕਿ ਉਹ ਦੇਸ਼ ਨੂੰ ਆਜ਼ਾਦ ਕਰ ਦੇਵੇਗੀ। ਇਸ ਸਮੇਂ ਅੰਗਰੇਜ਼ਾਂ ਨੇ ਇਕ ਹੋਰ ਚਾਲ ਚਲੀ ਉਸਨੇ ਭਾਰਤੀ ਮੁਸਲਮਾਨਾਂ ਵਿਚ ਫੁਟ ਦੇ ਬੀਜ ਬੋ ਦਿਤੇ। ਉਨ੍ਹਾਂ ਨੇ ਮੁਸਲਿਮ ਲੀਗ ਨੂੰ ਆਪਣਾ ਵੱਖਰਾ ਦੇਸ਼ ਪ੍ਰਾਪਤ ਕਰਨ ਲਈ ਉਕਸਾਇਆ। ਮੁਹੰਮਦ ਅਲੀ ਜਿਨਾਹ ਨੇ ਪਾਕਿਸਤਾਨ ਦੀ ਮੰਗ ਤੇ ਜ਼ੋਰ ਦਿੱਤਾ ਤੇ ਅੰਤ ਕਾਂਗਰਸੀ ਨੇਤਾਵਾਂ ਨੂੰ ਦੇਸ਼ ਦੇ ਦੋ ਹਿੱਸੇ ਕਰਨੇ ਪਰਵਾਨ ਕਰਨੇ ਪਏ।

-0-

# 5
# ਆਜ਼ਾਦੀ ਤੋਂ ਬਾਦ ਦੀਆਂ ਸਮੱਸਿਆਵਾਂ

## ਆਜ਼ਾਦੀ ਸਮੇਂ ਦੇਸ਼ ਵਿਚ ਖੂਨ ਖਰਾਬਾ

1946 ਵਿਚ ਆਰਜ਼ੀ ਕੇਂਦਰੀ ਵਜ਼ਾਰਤ ਵਿਚ ਪਟੇਲ ਨੂੰ ਪਰਚਾਰ, ਰਿਆਸਤੀ ਵਿਭਾਗ, ਤੇ ਗ੍ਰਿਹ ਵਿਭਾਗ ਦਾ ਵਜ਼ੀਰ ਬਣਾਇਆ ਗਿਆ। ਤਿੰਨਾਂ ਮਹਿਕਮਿਆਂ ਦੇ ਕੰਮ ਨੂੰ ਉਨ੍ਹਾਂ ਨੇ ਬੜੀ ਸਿਆਣਪ ਨਾਲ ਨਿਭਾਇਆ। ਸਰਦਾਰ ਪਟੇਲ ਜਿਸ ਕੰਮ ਦਾ ਇਕ ਵਾਰ ਬੀੜਾ ਚੁੱਕ ਲੈਂਦੇ ਸਨ ਉਸ ਨੂੰ ਪੂਰਾ ਕਰਨ ਲਈ ਸਿਰ ਧੜ ਦੀ ਬਾਜ਼ੀ ਲਾ ਦਿੰਦੇ ਸਨ। ਆਜ਼ਾਦੀ ਦਾ ਐਲਾਨ ਹੋ ਜਾਣ ਤੋਂ 15 ਅਗਸਤ 1947 ਤਕ ਦੇਸ਼ ਨੂੰ ਕਈ ਮੁਸੀਬਤਾਂ ਵਿਚੋਂ ਲੰਘਣਾ ਪਿਆ। 9 ਦਸੰਬਰ, 1946 ਨੂੰ ਸੰਵਿਧਾਨ ਸਭਾ ਦਾ ਇਜਲਾਸ ਹੋਣ ਦਾ ਐਲਾਨ ਹੋ ਚੁੱਕਾ ਸੀ, ਪਰ ਮੁਸਲਿਮ ਲੀਗ ਨੇ ਸੰਵਿਧਾਨ ਸਭਾ ਦਾ ਬਾਈਕਾਟ ਕਰ ਦਿੱਤਾ। ਬ੍ਰਿਟਿਸ਼ ਪ੍ਰਧਾਨ ਮੰਤਰੀ ਸੰਵਿਧਾਨ ਸਭਾ ਨੂੰ ਤੋੜ ਦੇਣਾ ਚਾਹੁੰਦਾ ਸੀ। ਇਸ ਸਬੰਧ ਵਿਚ ਸਰਦਾਰ ਪਟੇਲ ਨੂੰ ਲੰਡਨ ਬੁਲਾਇਆ ਗਿਆ ਪਰ ਉਨ੍ਹਾਂ ਨੇ ਉਥੇ ਜਾਣ ਤੋਂ ਇਨਕਾਰ ਕਰ ਦਿੱਤਾ। ਪੰਡਤ ਜਵਾਹਰ ਲਾਲ ਜੀ ਗੱਲਬਾਤ ਕਰਨ ਲਈ ਲੰਡਨ ਗਏ। ਸਰਦਾਰ ਪਟੇਲ ਨੇ ਬੰਬਈ ਵਿਚ ਐਲਾਨ ਕੀਤਾ, "ਭਾਵੇਂ ਆਕਾਸ਼ ਡਿਗ ਪਵੇ, ਭਾਵੇਂ ਧਰਤੀ ਫਟ ਜਾਵੇ, ਸੰਵਿਧਾਨ ਸਭਾ ਦਾ ਇਜਲਾਸ 9 ਦਸੰਬਰ ਨੂੰ ਹੋ ਕੇ ਹੀ ਰਹੇਗਾ।" ਅੰਤ ਵਿਚ ਇਹ ਇਜਲਾਸ ਮਿਥੀ ਤਾਰੀਖ ਨੂੰ ਹੋ ਕੇ ਹੀ ਰਿਹਾ।

ਸਰਦਾਰ ਪਟੇਲ ਅਤੇ ਉਨ੍ਹਾਂ ਦੇ ਸਾਥੀ ਨੇਤਾਵਾਂ ਦੀ ਕੁਰਬਾਨੀ ਸਦਕਾ ਦੇਸ਼ ਆਜ਼ਾਦ ਹੋ ਗਿਆ ਪਰ ਭਾਰਤ ਨੂੰ ਆਜ਼ਾਦੀ ਲਈ ਬੜੀ ਤਕੜੀ ਕੀਮਤ ਚੁਕਾਉਣੀ ਪਈ। ਸਰਦਾਰ ਪਟੇਲ ਜੀ ਨੂੰ ਜਿਥੇ ਦੇਸ਼ ਦੇ ਆਜ਼ਾਦ ਹੋਣ ਦੀ ਖੁਸ਼ੀ ਸੀ, ਉਥੇ ਉਨ੍ਹਾਂ ਨੂੰ ਦੇਸ਼ ਤੇ ਅਚਾਨਕ ਆ ਪਈਆਂ ਮੁਸੀਬਤਾਂ ਬਾਰੇ ਭਾਰੀ ਚਿੰਤਾ ਵੀ ਸੀ। ਭਾਰਤ ਦੀਆਂ ਛੇ ਸੌ ਦੇ ਲਗਭਗ ਰਿਆਸਤਾਂ ਨੂੰ ਅੰਗਰੇਜ਼ ਖੁੱਲ੍ਹੀ ਛੁੱਟੀ ਦੇ ਗਏ ਸਨ ਕਿ ਜੇ ਉਹ ਭਾਰਤ ਜਾਂ ਪਾਕਿਸਤਾਨ ਦੋਵਾਂ ਵਿਚ ਨਾ ਸ਼ਾਮਲ ਹੋਣਾ ਚਾਹੁਣ ਤਾਂ ਉਹ ਆਜ਼ਾਦ ਰਹਿ ਸਕਦੀਆਂ ਹਨ। ਦੇਸ਼ ਨੂੰ ਨਵੀਂ ਨਵੀਂ ਆਜ਼ਾਦੀ ਮਿਲੀ ਸੀ। ਦੋ ਸੌ ਸਾਲ ਹਕੂਮਤ ਕਰਨ ਮਗਰੋਂ ਦੇਸ਼ ਨੂੰ ਛੱਡ ਜਾਣ ਸਮੇਂ ਗੋਰੀ ਸਰਕਾਰ ਨੇ ਆਜ਼ਾਦੀ ਦੇ ਇਸ ਕੋਮਲ ਬ੍ਰਿਛ ਨੂੰ ਜੜ੍ਹਾਂ ਤੋਂ ਹੀ ਕੱਟ ਦੇਣ ਦਾ ਯਤਨ ਕੀਤਾ। ਉਸ ਸਮੇਂ

ਅਜਿਹਾ ਜਾਪਦਾ ਸੀ ਕਿ ਇਨ੍ਹਾਂ ਹਨੇਰੀਆਂ ਅਤੇ ਤੂਫਾਨਾਂ ਕਾਰਣ ਆਜ਼ਾਦੀ ਦਾ ਇਹ ਬ੍ਰਿਛ ਆਰੰਭ ਵਿਚ ਹੀ ਡਿਗ ਪਵੇਗਾ। ਕਈ ਵਰ੍ਹਿਆਂ ਤੋਂ ਅੰਗਰੇਜ਼ੀ ਸਰਕਾਰ ਇਹ ਪਰਚਾਰ ਕਰਦੀ ਚਲੀ ਆ ਰਹੀ ਸੀ ਕਿ ਭਾਰਤੀ ਲੋਕ ਰਾਜ ਸੰਭਾਲਣ ਯੋਗ ਨਹੀਂ ਹਨ ਤੇ ਅੰਗਰੇਜ਼ ਨੀਤੀਵਾਨਾਂ ਦ ਇਹ ਵਿਸ਼ਵਾਸ ਵੀ ਸੀ ਕਿ ਆਜ਼ਾਦੀ ਪ੍ਰਾਪਤੀ ਮਗਰੋਂ ਥੋੜੇ ਸਮੇਂ ਵਿਚ ਹੀ ਆਜ਼ਾਦੀ ਦੀ ਬੇੜੀ ਡਾਵਾਂ ਡੋਲ ਹੋ ਕੇ ਘੁੰਮਣ ਘੇਰੀਆਂ ਵਿਚ ਫਸ ਜਾਵੇਗੀ। ਆਜ਼ਾਦੀ ਪ੍ਰਾਪਤੀ ਤੋਂ ਪਹਿਲਾਂ ਮਹਾਤਮਾ ਜੀ ਨੇ ਅੰਗਰੇਜ਼ਾਂ ਨੂੰ ਸਪਸ਼ੱਟ ਕਹਿ ਦਿੱਤਾ ਸੀ ਕਿ, "ਅੰਗਰੇਜ਼ ਭਾਰਤ ਨੂੰ ਉਸਦੀ ਕਿਸਮਤ ਅਤੇ ਰੱਬ ਦੇ ਭਰੋਸੇ ਛੱਡ ਜਾਣ। ਜੇ ਉਹ ਰੱਬ ਵਿਚ ਵਿਸ਼ਵਾਸ ਨਹੀਂ ਕਰਦੇ, ਤਾਂ ਉਹ ਦੇਸ਼ ਨੂੰ ਡਾਵਾਂ ਡੋਲ ਹਾਲਤ ਵਿਚ ਹੀ ਛੱਡ ਕੇ ਤੁਰ ਜਾਣ।"

ਦੇਸ਼ ਨੂੰ ਆਜ਼ਾਦੀ ਮਿਲਣ ਸਮੇਂ ਭਾਰਤ ਦੇ ਦੋ ਟੁਕੜੇ ਹੋ ਗਏ। ਮੁਸਲਿਮ ਬਹੁਗਿਣਤੀ ਵਾਲੇ ਹਿੱਸੇ ਦਾ ਨਾਂ ਪਾਕਿਸਤਾਨ ਰੱਖਿਆ ਗਿਆ ਜਿਸ ਵਿਚ ਸਰਹੱਦੀ ਸੂਬਾ, ਬਲੋਚਿਸਤਾਨ, ਪੱਛਮੀ ਪੰਜਾਬ, ਸਿੰਧ ਤੇ ਪੂਰਬੀ ਬੰਗਾਲ ਸ਼ਾਮਲ ਸਨ। ਦੋਹਾਂ ਹਿੱਸਿਆਂ ਵਿਚੋਂ ਲੱਖਾਂ ਲੋਕ ਉਜੜ ਕੇ ਇਧਰ ਉਧਰ ਆਏ ਗਏ। ਹਜ਼ਾਰਾਂ ਦਾ ਖੂਨ ਖਰਾਬਾ ਹੋਇਆ ਤੇ ਅੰਤ ਬੜੀ ਮੁਸ਼ਕਲ ਨਾਲ ਸਰਦਾਰ ਪਟੇਲ ਦੀ ਸਿਆਣਪ ਨਾਲ ਇਨ੍ਹਾਂ ਹਾਲਤਾਂ ਤੇ ਕਾਬੂ ਪਾਇਆ ਗਿਆ।

-0-

# 6
# ਦੇਸੀ ਰਿਆਸਤਾਂ ਦਾ ਪੁਨਰ-ਗਠਨ

12 ਮਈ, 1947 ਨੂੰ ਜਦੋਂ ਦੇਸ਼ ਦੀ ਆਜ਼ਾਦੀ ਦਾ ਐਲਾਨ ਕੀਤਾ ਗਿਆ ਤਾਂ ਬਹੁਤ ਸਾਰੀਆਂ ਦੇਸੀ ਰਿਆਸਤਾਂ ਨੇ ਇਹ ਸਮਝਿਆ ਕਿ ਉਹ ਵੀ ਹੁਣ ਪੂਰਣ ਤੌਰ ਤੇ ਆਜ਼ਾਦ ਹੋ ਜਾਣਗੀਆਂ। ਉਪੱਕਤ ਆਜ਼ਾਦੀ ਦੇ ਐਲਾਨ ਤੋਂ ਕੇਵਲ ਇਕ ਮਹੀਨਾ ਪਿਛੋਂ 12 ਜੂਨ 1947 ਨੂੰ ਟਰਾਵਨਕੋਰ ਦੀ ਰਿਆਸਤ ਨੇ ਆਪਣੇ ਆਜ਼ਾਦ ਹੋਣ ਦਾ ਐਲਾਨ ਵੀ ਕਰ ਦਿੱਤਾ। ਇਸ ਮਗਰੋਂ ਨਜ਼ਾਮ ਹੈਦਰਾਬਾਦ ਨੇ ਵੀ ਅਜਿਹੀ ਇਛਾ ਪ੍ਰਗਟ ਕੀਤੀ। 13 ਜੂਨ, 1947 ਨੂੰ ਲਾਰਡ ਮਾਊਂਟ ਬੈਟਨ ਨੇ ਭਾਰਤੀ ਲੀਡਰਾਂ ਦੀ ਇਕ ਬੈਠਕ ਬੁਲਾਈ, ਜਿਸ ਵਿਚ ਕਾਂਗਰਸ ਵਲੋਂ ਪੰਡਿਤ ਨਹਿਰੂ, ਸਰਦਾਰ ਪਟੇਲ, ਅਚਾਰੀਆ ਕ੍ਰਿਪਲਾਨੀ ਅਤੇ ਮੁਸਲਿਮ ਲੀਗ ਵਲੋਂ ਸ੍ਰੀ ਜਿਨਾਹ, ਲਿਆਕਤ ਅਲੀ ਖਾਂ ਅਤੇ ਅਬਦੁੱਲ ਰਬ ਨਸ਼ਤਰ ਆਦਿ ਨੇਤਾ ਸ਼ਾਮਲ ਹੋਏ। ਪੰਡਤ ਨਹਿਰੂ ਅਤੇ ਸਰਦਾਰ ਪਟੇਲ ਨੇ ਦੇਸੀ ਰਿਆਸਤਾਂ ਦੇ ਆਜ਼ਾਦ ਰਹਿਣ ਦੀ ਪਾਲਿਸੀ ਦਾ ਸਖ਼ਤ ਵਿਰੋਧ ਕੀਤਾ ਪਰ ਮੁਸਲਿਮ ਲੀਗ ਨੇ ਉਨ੍ਹਾਂ ਦੀ ਆਜ਼ਾਦ ਹਸਤੀ ਦੀ ਹਾਮੀ ਭਰੀ।

25 ਜੂਨ, 1947 ਨੂੰ ਆਰਜ਼ੀ ਸਰਕਾਰ ਦੇ ਮੰਤਰੀ ਮੰਡਲ ਨੇ ਸਰਦਾਰ ਪਟੇਲ ਦੀ ਅਧੀਨਤਾ ਵਿਚ ਰਿਆਸਤੀ ਵਿਭਾਗ ਕਾਇਮ ਕਰਨ ਦਾ ਫੈਸਲਾ ਕੀਤਾ। 5 ਜੁਲਾਈ ਨੂੰ ਇਹ ਵਿਭਾਗ ਕਾਇਮ ਕਰ ਦਿੱਤਾ ਗਿਆ। ਇਸੇ ਦਿਨ ਸਰਦਾਰ ਪਟੇਲ ਨੇ ਦੇਸੀ ਰਾਜਿਆਂ ਦੇ ਨਾਂ ਇਕ ਸੁਨੇਹੇ ਵਿਚ ਇਹ ਸੁਝਾਅ ਦਿੱਤਾ ਕਿ ਉਹ ਛੇਤੀ ਹੀ ਸਰਕਾਰ ਨਾਲ ਸਮਝੌਤਾ ਕਰਕੇ ਆਪਣੀ ਰੱਖਿਆ, ਵਿਦੇਸ਼ੀ ਸਬੰਧ ਅਤੇ ਆਵਾਜਾਈ ਦੇ ਵਿਸ਼ੇ ਕੇਂਦਰੀ ਸਰਕਾਰ ਨੂੰ ਸੌਂਪ ਦੇਣ।

ਇਨ੍ਹਾਂ ਦਿਨਾਂ ਵਿਚ ਹੀ ਸ੍ਰੀ ਜਿਨਾਹ ਨੇ ਜੋਧਪੁਰ, ਜੈਸਲਮੇਰ ਅਤੇ ਬੀਕਾਨੇਰ ਦੇ ਰਾਜਿਆਂ ਨੂੰ ਪਾਕਿਸਤਾਨ ਵਿਚ ਸ਼ਾਮਲ ਹੋਣ ਲਈ ਫੁਸਲਾਉਣ ਦੀ ਕੋਸ਼ਿਸ਼ ਕੀਤੀ ਜਿਸ ਤੇ ਜੋਧਪੁਰ ਦਾ ਮਹਾਰਾਜਾ ਹਨੁਮੰਤ ਸਿੰਘ ਪਾਕਿਸਤਾਨ ਵਿਚ ਸ਼ਾਮਲ ਹੋਣ ਲਈ ਤਿਆਰ ਹੋ ਗਿਆ। ਪਰ ਮਗਰੋਂ ਸਰਦਾਰ ਪਟੇਲ ਦੇ ਯਤਨਾਂ ਨਾਲ ਉਹ ਭਾਰਤ ਵਿਚ ਸ਼ਾਮਲ ਹੋਣ ਲਈ ਰਾਜ਼ੀ ਹੋ ਗਿਆ। ਇਸ ਤਰ੍ਹਾਂ ਸਰਦਾਰ ਦੀ ਸਿਆਣਪ ਨਾਲ ਹੈਦਰਾਬਾਦ, ਜੂਨਾਗੜ੍ਹ ਅਤੇ

ਕਸ਼ਮੀਰ ਨੂੰ ਛੱਡ ਕੇ ਬਾਕੀ ਸਭ ਰਿਆਸਤਾਂ ਨੇ ਭਾਰਤ ਵਿਚ ਸ਼ਾਮਲ ਹੋਣ ਦੇ ਸਮਝੌਤੇ ਉਤੇ ਦਸਖ਼ਤ ਕਰ ਦਿਤੇ।

ਜਿਹੜੀਆਂ ਰਿਆਸਤਾਂ ਭਾਰਤ ਵਿਚ ਸ਼ਾਮਲ ਹੋ ਗਈਆਂ ਉਨ੍ਹਾਂ ਵਿਚੋਂ ਕੁਝ ਤਾਂ ਨਾਲ 'ਦੇ ਸੂਬਿਆਂ ਵਿਚ ਮਿਲਾ ਦਿਤੀਆਂ ਗਈਆਂ ਅਤੇ ਕੁਝ ਦੇ ਵੱਖੋ ਵੱਖ ਸੰਘ ਬਣਾ ਦਿੱਤੇ ਗਏ। ਇਨ੍ਹਾਂ ਰਾਜਿਆਂ ਦੀਆਂ ਨਿਜੀ ਜਾਇਦਾਦਾਂ ਬਾਰੇ ਵੀ ਵਿਚਾਰ ਵਟਾਂਦਰੇ ਕੀਤੇ ਗਏ। ਕਈਂ ਰਾਜਿਆਂ ਨੂੰ ਰਾਜ- ਪ੍ਰਮੁੱਖ ਦੇ ਉੱਚ ਪਦ ਦਿੱਤੇ ਗਏ। ਇਨ੍ਹਾਂ ਦਿਨਾਂ ਵਿਚ ਹੀ ਭਾਰਤ ਸਰਕਾਰ ਨੇ ਉੜੀਸਾ ਵਿਚ ਹੀਰਾ ਕੁੰਡ ਨਾਂ ਦਾ ਡੈਮ ਬਨਾਉਣ ਦਾ ਫ਼ੈਸਲਾ ਕੀਤਾ। ਸਰਕਾਰ ਨੇ ਡੈਮ ਲਈ ਕਿਸਾਨਾਂ ਤੋਂ ਜ਼ਮੀਨ ਲੈਣੀ ਸੀ। ਇਸ ਸਬੰਧ ਵਿਚ ਕਿਸਾਨਾਂ ਨਾਲ ਗੱਲ ਬਾਤ ਚਲ ਹੀ ਰਹੀ ਸੀ ਕਿ ਪਟਨਾ ਦੇ ਰਾਜੇ ਨੇ ਕਿਸਾਨਾਂ ਨੂੰ ਸਰਕਾਰ ਵਿਰੁੱਧ ਭੜਕਾਉਣ ਦਾ ਯਤਨ ਕੀਤਾ ਬਸਤਰ ਆਦਿ ਥਾਂਵਾਂ ਉਤੇ ਵੀ ਉਥੋਂ ਦੇ ਰਾਜ ਘਰਾਣਿਆਂ ਵਲੋਂ ਭਾਰੀ ਗੜਬੜੀ ਪੈਦਾ ਕਰਨ ਦੀ ਕੋਸ਼ਿਸ਼ ਕੀਤੀ ਗਈ। ਇਸ ਭਾਰੀ ਔਕੜ ਸਮੇਂ ਸਰਦਾਰ ਪਟੇਲ ਨੇ 14 ਦਸੰਬਰ ਨੂੰ ਕਟਕ ਵਿਖੇ ਛੋਟੇ ਰਾਜਿਆਂ ਦੀ ਇਕ ਮੀਟਿੰਗ ਬੁਲਾਈ। ਉਸ ਸਭਾ ਵਿਚ ਭਾਸ਼ਣ ਕਰਦਿਆਂ ਹੋਇਆਂ ਸਰਦਾਰ ਨੇ ਸਾਫ ਸਾਫ ਕਹਿ ਦਿੱਤਾ ਕਿ ਜੋ ਰਾਜੇ ਆਪਣੀ ਇੱਛਾ ਨਾਲ ਭਾਰਤ ਵਿਚ ਮਿਲ ਨਹੀਂ ਜਾਣਗੇ, ਉਨ੍ਹਾਂ ਨੂੰ ਸਰਕਾਰ ਦੇਸ਼ ਦੇ ਹਿਤ ਖਾਤਰ ਆਪ ਸ਼ਾਮਲ ਕਰ ਲਵੇਗੀ। ਇਸ ਤੇ ਸਾਰੇ ਇੱਕਤਰ ਹੋਏ ਰਾਜਿਆਂ ਨੇ ਆਪਣੀ ਇੱਛਾ ਨਾਲ ਭਾਰਤ ਵਿਚ ਸ਼ਾਮਲ ਹੋਣ ਦਾ ਐਲਾਨ ਕਰ ਦਿੱਤਾ। ਮਗਰੋਂ ਸਰਦਾਰ ਪਟੇਲ ਨੇ ਵੱਡੇ ਵੱਡੇ ਰਾਜਿਆਂ ਨੂੰ ਬੁਲਾਇਆ। ਉਨ੍ਹਾਂ ਨੇ ਵੀ ਸਰਦਾਰ ਦਾ ਸੁਝਾਅਅ ਪਰਵਾਨ ਕਰ ਲਿਆ। ਉਹ 15 ਦਸੰਬਰ ਨੂੰ ਨਾਗਪੁਰ ਪਹੁੰਚੇ ਅਤੇ 38 ਰਿਆਸਤਾਂ ਨੂੰ ਉੜੀਸਾ ਦੀ ਉਦਾਹਰਣ ਦੇ ਕੇ ਭਾਰਤ ਵਿਚ ਸ਼ਾਮਲ ਹੋਣ ਲਈ ਰਾਜ਼ੀ ਕਰ ਲਿਆ। ਸਰਦਾਰ ਦੀ ਇਸ ਸਫਲਤਾ ਤੇ ਗਾਂਧੀ ਜੀ ਬੜੇ ਪ੍ਰਸੰਨ ਹੋਏ ਅਤੇ ਉਨ੍ਹਾਂ ਨੇ ਹੈਰਾਨੀ ਪਰਗਟ ਕਰਦਿਆਂ ਹੋਇਆਂ ਕਿਹਾ, "ਸਰਦਾਰ ਪਟੇਲ ਨੇ ਬੜੀ ਆਸਾਨੀ ਨਾਲ ਬਿਨਾਂ ਕਿਸੇ ਗੜਬੜ ਦੇ ਰਿਆਸਤਾਂ ਦਾ ਬਹੁਤ ਹੀ ਮੁਸ਼ਕਿਲ ਕਾਰਜ ਸਿਰੇ ਚੜ੍ਹਾ ਲਿਆ ਹੈ।"

ਆਜ਼ਾਦੀ ਦੇ ਐਲਾਨ ਤੋਂ ਹੀ ਨਵਾਬ ਜੂਨਾਗੜ੍ਹ ਨੇ ਆਪਣੀ ਰਿਆਸਤ ਨੂੰ ਪਾਕਿਸਤਾਨ ਵਿਚ ਸ਼ਾਮਲ ਕਰਨ ਦਾ ਵਿਚਾਰ ਬਣਾਇਆ ਹੋਇਆ ਸੀ। ਉਸ ਨੇ ਪਾਕਿਸਤਾਨੀ ਸਰਕਾਰ ਨੂੰ ਇਸਦਾ ਵਿਸ਼ਵਾਸ ਵੀ ਦਿਵਾ ਦਿੱਤਾ ਸੀ। ਪਰ ਇਹ ਰਿਆਸਤ ਚਾਰੇ ਪਾਸਿਆਂ ਤੋਂ ਭਾਰਤੀ ਇਲਾਕੇ ਨਾਲ ਘਿਰੀ ਹੋਈ ਸੀ। ਪਾਕਿਸਤਾਨ ਨਾਲ ਇਹ ਕੇਵਲ ਸਮੁੰਦਰੀ ਮਾਰਗ ਰਾਹੀਂ ਹੀ ਆਪਣਾ ਸਬੰਧ ਕਾਇਮ ਰੱਖ ਸਕਦੀ ਸੀ। ਇਸ ਕਰਕੇ ਸਰਦਾਰ ਪਟੇਲ ਨੇ ਜੂਨਾਗੜ੍ਹ ਦੇ ਨਵਾਬ ਨੂੰ ਭਾਰਤ ਨਾਲ ਸ਼ਾਮਲ ਹੋਣ ਲਈ ਕਿਹਾ। ਉਥੋਂ ਦੀ ਬਹੁਤੀ

ਜਨਤਾ ਵੀ ਭਾਰਤ ਨਾਲ ਸ਼ਾਮਲ ਹੋਣ ਦੇ ਹੱਕ ਵਿਚ ਸੀ। ਇਸੇ ਕਰਕੇ ਹਾਲਾਤ ਤੋਂ ਮਜ਼ਬੂਰ ਹੋ ਕੇ ਨਵਾਬ ਆਪਣਾ ਧੰਨ ਦੌਲਤ ਲੈ ਕੇ ਪਾਕਿਸਤਾਨ ਨਸ ਗਿਆ ਅਤੇ ਰਿਆਸਤ ਨੂੰ ਭਾਰਤ ਵਿਚ ਸ਼ਾਮਲ ਕਰ ਦਿੱਤਾ ਗਿਆ।

**ਹੈਦਰਾਬਾਦ ਦੀ ਸਮੱਸਿਆ**

ਨਜ਼ਾਮ ਹੈਦਰਾਬਾਦ ਵੀ ਆਪਣੀ ਰਿਆਸਤ ਨੂੰ ਆਜ਼ਾਦ ਰੱਖਣ ਦੇ ਸੁਪਨੇ ਲੈ ਰਿਹਾ ਸੀ ਤੇ ਉਸ ਨੇ ਅੰਦਰੋ ਅੰਦਰੀ ਫੌਜੀ ਤਿਆਰੀ ਵੀ ਕਰ ਲਈ ਸੀ। ਸਰਦਾਰ ਪਟੇਲ ਨੂੰ ਹੈਦਰਾਬਾਦ ਦੇ ਮਸਲੇ ਨੂੰ ਸੁਲਝਾਣ ਲਈ ਕਾਫੀ ਯਤਨ ਕਰਨਾ ਪਿਆ। ਹੈਦਰਾਬਾਦ ਦਾ ਵਿਚਾਰ ਪਾਕਿਸਤਾਨ ਨਾਲ ਸਮਝੌਤਾ ਕਰਨ ਦਾ ਸੀ। ਕਾਨੂੰਨੀ ਤੌਰ ਤੇ ਹੈਦਰਾਬਾਦ ਨੂੰ ਇਹ ਸਮਝੌਤਾ ਕਰਨ ਦਾ ਹੱਕ ਸੀ ਪਰ 80 ਫ਼ੀਸਦੀ ਜਨਤਾ ਦੀ ਰਾਏ ਨੂੰ ਠੁਕਰਾ ਕੇ ਹੀ ਹੈਦਰਾਬਾਦ ਇਹ ਕਾਰਜ ਕਰ ਸਕਦਾ ਸੀ। ਸਰਦਾਰ ਪਟੇਲ ਨੇ ਹੈਦਰਾਬਾਦ ਦੇ ਨਵਾਬ ਨੂੰ ਇਹ ਚਿਤਾਵਨੀ ਦਿਤੀ ਕਿ ਉਹ ਪਾਕਿਸਤਾਨ ਦਾ ਦਖ਼ਲ ਬਰਦਾਸ਼ਤ ਨਹੀਂ ਕਰਨਗੇ। ਆਖ਼ਰ ਹੈਦਰਾਬਾਦ ਦੇ ਨਜ਼ਾਮ ਨੂੰ ਭਾਰਤ ਸਰਕਾਰ ਨਾਲ ਸਮਝੌਤਾ ਕਰਨ ਲਈ ਮਜਬੂਰ ਹੋਣਾ ਪਿਆ। ਇਸ ਸਮਝੌਤੇ ਦੀ ਚਰਚਾ ਕਰਦੇ ਹੋਏ 29 ਨਵੰਬਰ 1947 ਨੂੰ ਭਾਰਤ ਦੀ ਲੋਕ ਸਭਾ ਵਿਚ ਸਰਦਾਰ ਪਟੇਲ ਨੇ ਭਾਰਤ ਤੇ ਹੈਦਰਾਬਾਦ ਦੇ ਸਮਝੌਤੇ ਦੀ ਵਿਆਖਿਆ ਕੀਤੀ। ਹੈਦਰਾਬਾਦ ਨੇ ਸਮਝੌਤੇ ਨੂੰ ਕਈ ਵਾਰ ਤੋੜਿਆ ਤੇ ਪਾਕਿਸਤਾਨ ਨੂੰ ਕਰੋੜਾਂ ਰੁਪਿਆ ਕਰਜ਼ਾ ਦਿੱਤਾ। ਇਸ ਤੇ ਸਰਦਾਰ ਪਟੇਲ ਦੀ ਆਗਿਆ ਨਾਲ ਜਰਨਲ ਚੌਧਰੀ ਦੀ ਕਮਾਨ ਹੇਠਾਂ ਭਾਰਤੀ ਫ਼ੌਜ ਹੈਦਰਾਬਾਦ ਵਿਚ ਦਾਖਲ ਹੋ ਗਈ। ਉਸ ਸਮੇਂ ਕਾਸਮ ਰਜ਼ਵੀ ਦੇ ਇਸ਼ਾਰਿਆਂ ਤੇ ਨਜ਼ਾਮ ਚਲ ਰਿਹਾ ਸੀ ਤੇ ਭਾਰਤ ਨਾਲ ਸੱਚੇ ਦਿਲੋਂ ਸਮਝੌਤਾ ਕਰਨ ਨੂੰ ਤਿਆਰ ਨਹੀਂ ਸੀ। ਭਾਰਤੀ ਫੌਜਾਂ ਨੇ ਰਿਆਸਤ ਦੀ ਫੌਜ ਦੇ ਪੰਜ ਦਿਨਾਂ ਵਿਚ ਹੀ ਦੰਦ ਖੱਟੇ ਕਰ ਦਿੱਤੇ ਤੇ ਹੈਦਰਾਬਾਦ ਨੂੰ ਬਾਕੀ ਰਿਆਸਤਾਂ ਵਾਂਗ ਭਾਰਤ ਵਿਚ ਮਿਲਾ ਲਿਆ।

ਕਾਠੀਆਵਾੜ ਦੀਆਂ ਛੋਟੀਆਂ ਛੋਟੀਆਂ ਰਿਆਸਤਾਂ ਨੂੰ ਮਿਲਾ ਕੇ ਸੁਰਾਸ਼ਟਰ ਸੰਘ ਬਣਾਇਆ ਗਿਆ ਫਿਰ ਮੱਧ ਭਾਰਤ, ਰਾਜਿਸਥਾਨ, ਹਿਮਾਚਲ, ਵਿੰਦਿਆਚਲ, ਪੈਪਸੂ ਆਦਿ ਸੰਘ ਬਣਾਏ ਗਏ। ਦੇਸ਼ ਦੇ ਪੁਨਰ-ਗਠਨ ਸਮੇਂ ਰਿਆਸਤਾਂ ਦੇ ਇਹ ਸਾਰੇ ਸੰਘ, ਨਵੇਂ ਹੋਂਦ ਵਿਚ ਆਏ 14 ਸੂਬਿਆਂ ਵਿਚ ਮਿਲਾ ਦਿੱਤੇ ਗਏ।

ਸਰਦਾਰ ਪਟੇਲ ਕਸ਼ਮੀਰ ਨੂੰ ਵੀ ਭਾਰਤ ਵਿਚ ਸ਼ਾਮਲ ਕਰਨਾ ਚਾਹੁੰਦੇ ਸਨ ਪਰ ਪੰਡਤ ਜਵਾਹਰ ਲਾਲ ਨਹਿਰੂ ਇਸ ਸਮੇਂ ਕਸ਼ਮੀਰ ਦੀ ਉਲਝਣ ਵਿਚ ਪੈਣਾ ਨਹੀਂ ਸਨ ਚਾਹੁੰਦੇ ਜਿਸ ਲਈ ਸਰਕਾਰ ਖਾਮੋਸ਼ ਰਹੀ।

ਇਕ ਦੇਸ਼ ਦੇ ਦੋ ਟੁਕੜੇ ਹੋ ਜਾਣ ਤੇ ਰਿਆਸਤਾਂ ਅਤੇ ਪਾਕਿਸਤਾਨ ਤੋਂ ਉਜੜ ਕੇ ਆਏ ਲੋਕਾਂ ਦੀ ਸਮੱਸਿਆਂ ਨੂੰ ਹੱਲ ਕਰਨ ਲਈ ਸਰਦਾਰ ਪਟੇਲ ਵਰਗੇ ਲੋਹ ਪੁਰਸ਼ ਦੀ ਸਿਆਣਪ ਅਤੇ ਦੂਰਅੰਦੇਸ਼ੀ ਹੀ ਕੰਮ ਆਈ, ਨਹੀਂ ਤਾਂ ਦੇਸ਼ ਦੀ ਇਸ ਡਾਵਾਂ ਡੋਲ ਹਾਲਤ ਨੂੰ ਸੰਭਾਲਣਾ ਸੌਖਾ ਕੰਮ ਨਹੀਂ ਸੀ।

ਮਹਾਤਮਾ ਜੀ ਦੀ ਸ਼ਹਾਦਤ

ਇਨ੍ਹੀਂ ਦਿਨੀਂ ਲੱਖਾਂ ਦੀ ਗਿਣਤੀ ਵਿਚ ਹਿੰਦੂ, ਸਿਖ, ਪਾਕਿਸਤਾਨ ਤੋਂ ਭਾਰਤ ਆ ਰਹੇ ਸਨ। ਪਾਕਿਸਤਾਨ ਤੋਂ ਤਬਾਹ ਹੋ ਕੇ ਆਏ ਹਿੰਦੂ ਸਿਖ ਜਦ ਆਪਣੀਆਂ ਮੁਸੀਬਤਾਂ ਤੇ ਕਤਲ-ਖੂਨ ਦੀ ਕਹਾਣੀ ਸੁਣਾਉਂਦੇ ਤਾਂ ਲੋਕ ਭੜਕ ਉਠਦੇ। ਭਾਰਤ ਵਿਚ ਬਹੁਤ ਸਾਰੇ ਮੁਸਲਮਾਨ ਵੀ ਮਾਰੇ ਗਏ ਤੇ ਬਾਕੀ ਮੁਸਲਮਾਨਾਂ ਦੀ ਹਾਲਤ ਵੀ ਚੰਗੀ ਨਹੀਂ ਸੀ। ਇਹ ਵੇਖ ਕੇ ਗਾਂਧੀ ਜੀ ਨੇ ਜਨਵਰੀ 1948 ਦੇ ਆਰੰਭ ਵਿਚ ਮਰਨ ਵਰਤ ਰੱਖ ਲਿਆ। ਉਨ੍ਹਾਂ ਨੇ ਦੇਸ਼ ਵਾਸੀਆਂ ਨੂੰ ਕਿਹਾ ਕਿ ਉਹ ਮੁਸਲਮਾਨਾਂ ਨੂੰ ਆਪਣੇ ਭਰਾ ਸਮਝ ਕੇ ਉਨ੍ਹਾਂ ਦੀ ਪੂਰੀ ਤਰ੍ਹਾਂ ਰੱਖਿਆ ਕਰਨ। ਮਹਾਤਮਾ ਜੀ ਦੇ ਵਰਤ ਨਾਲ ਹਾਲਤ ਬੜੀ ਛੇਤੀ ਸੁਧਰ ਗਈ। ਇਸ ਤੇ ਉਨ੍ਹਾਂ ਵਰਤ ਖੋਲ੍ਹ ਦਿੱਤਾ। ਚੁਪਾਸੀਂ ਬੜੀਆਂ ਖੁਸ਼ੀਆਂ ਮਨਾਈਆਂ ਗਈਆਂ। ਸਰਦਾਰ ਪਟੇਲ ਗਾਂਧੀ ਜੀ ਦੇ ਵਰਤ ਖੋਲ੍ਹਣ ਤੇ ਬਹੁਤ ਪ੍ਰਸੰਨ ਹੋਏ। 30 ਜਨਵਰੀ 1948 ਨੂੰ ਪ੍ਰਾਰਥਨਾ ਸਭਾ ਵਿਚ ਗਾਡਸੇ ਨਾਂ ਦੇ ਇਕ ਨੌਜਵਾਨ ਨੇ ਗਾਂਧੀ ਜੀ ਨੂੰ ਗੋਲੀ ਮਾਰ ਦਿਤੀ। ਉਨ੍ਹਾਂ ਦੇ ਮੂੰਹੋਂ 'ਹਰੇ ਰਾਮ' ਨਿਕਲਿਆ ਤੇ ਉਹ ਧਰਤੀ ਤੇ ਡਿਗ ਪਏ। ਕੁਝ ਮਿੰਟਾਂ ਵਿਚ ਹੀ ਉਨ੍ਹਾਂ ਦੀ ਮੌਤ ਹੋ ਗਈ। ਗਾਂਧੀ ਜੀ ਦੀ ਮ੍ਰਿਤੂ ਦੀ ਖ਼ਬਰ ਸੁਣ ਸਾਰਾ ਦੇਸ਼ ਤ੍ਰਾਹ ਤ੍ਰਾਹ ਕਰ ਉਠਿਆ। ਪੰ: ਜਵਾਹਰ ਲਾਲ, ਸਰਦਾਰ ਪਟੇਲ ਤੇ ਮੌਲਾਨਾ ਆਜ਼ਾਦ ਲੀਡਰ ਬਹੁਤ ਦੁਖੀ ਹੋਏ। ਸਰਦਾਰ ਪਟੇਲ ਦੀ ਤਾਂ ਮਾਨੋ ਕਮਰ ਹੀਂ ਟੁਟ ਗਈ। ਸਰਦਾਰ ਦੀ ਪਹਿਲੀ ਮੁਲਾਕਾਤ ਅਹਿਮਦਾਬਾਦ ਵਿਚ ਗਾਂਧੀ ਜੀ ਨਾਲ 1916 ਵਿਚ ਹੋਈ ਸੀ। ਪੂਰੇ 32 ਸਾਲ ਦੋਵੇਂ ਇਕੋ ਰਾਹ ਦੇ ਯਾਤਰੀ ਰਹੇ ਸਨ। ਕਿੰਨੇ ਹੀ ਸਤਿਆ-ਗ੍ਰਹਿਆਂ ਵਿਚ ਗਾਂਧੀ ਜੀ ਦੀ ਅਗਵਾਈ ਹੇਠ ਸਰਦਾਰ ਪਟੇਲ ਨੇ ਹਿੱਸਾ ਲਿਆ ਸੀ। ਅਨੇਕ ਵਾਰ ਉਹ ਜੇਲ੍ਹ ਵਿਚ ਵੀ ਇਕੱਠੇ ਰਹੇ ਸਨ। ਸਰਦਾਰ ਪਟੇਲ ਜੇਲ੍ਹ ਵਿਚ ਗਾਂਧੀ ਜੀ ਦੀ ਸੇਵਾ ਵਿਚ ਜੁਟੇ ਰਹਿੰਦੇ ਸਨ। ਗਾਂਧੀ ਜੀ ਦੇ ਕਥਨ ਅਨੁਸਾਰ ਸਰਦਾਰ ਪਟੇਲ ਨੇ ਗਾਂਧੀ ਜੀ ਦੀ ਜੇਲ੍ਹ ਵਿਚ ਇੰਨੀ ਸੇਵਾ ਕੀਤੀ ਕਿ ਉਨ੍ਹਾਂ ਨੂੰ ਆਪਣੀ ਮਾਤਾ ਦੀ ਯਾਦ ਤਾਜ਼ਾ ਹੋ ਗਈ। ਰਿਆਸਤਾਂ ਦੇ ਭਾਰਤ ਵਿਚ ਸ਼ਾਮਲ ਹੋ ਜਾਣ ਮਗਰੋਂ ਕਈ ਸੂਬਿਆਂ ਵਿਚ ਭਾਸ਼ਾ ਕਾਰਣ ਤੂਫ਼ਾਨ ਉਠੇ ਪਰ ਪੰ: ਜਵਾਹਰ ਲਾਲ ਅਤੇ ਸਰਦਾਰ ਪਟੇਲ ਦੀ ਸਿਆਣਪ ਨਾਲ ਸਭ ਕੁਝ ਸਹਿਜੇ ਹੀ ਨਜਿਠ ਲਿਆ ਗਿਆ। ਸਰਦਾਰ ਪਟੇਲ ਦਾ ਪੱਕਾ

ਵਿਸ਼ਵਾਸ ਸੀ ਕਿ ਸੂਬਿਆਂ ਦੇ ਝਗੜੇ ਦੇਸ਼ ਨੂੰ ਤਬਾਹ ਕਰ ਦੇਣਗੇ। ਇਸੇ ਲਈ ਉਨ੍ਹਾਂ ਸਭ ਤੋਂ ਪਹਿਲਾਂ ਰਿਆਸਤਾਂ ਨੂੰ ਭਾਰਤ ਵਿਚ ਮਿਲਾਉਣ ਦਾ ਕੰਮ ਕੀਤਾ। ਇਸ ਮਗਰੋਂ ਸੂਬਿਆਂ ਵਿਚ ਬੋਲੀ ਦੇ ਆਧਾਰ ਤੇ ਉਠੇ ਤੂਫਾਨਾਂ ਨੂੰ ਠੱਲ ਪਾਈ।

-0-

# 7
# ਲੋਹ ਪੁਰਸ਼

ਸਰਦਾਰ ਪਟੇਲ ਨੂੰ ਲੋਹ ਪੁਰਸ਼ ਕਿਹਾ ਜਾਂਦਾ ਹੈ, ਦੇਸ਼ ਦੀ ਆਜ਼ਾਦੀ ਮਗਰੋਂ ਉਨ੍ਹਾਂ ਦੇ ਕੀਤੇ ਕਾਰਜਾਂ ਕਾਰਣ ਉਨ੍ਹਾਂ ਦਾ ਇਹ ਗੁਣ ਹੋਰ ਵੀ ਉਜਲ ਹੋ ਜਾਂਦਾ ਹੈ। ਝੂਠ ਦੇ ਸਾਹਮਣੇ ਝੁਕਣਾ ਜਾਂ ਝੂਠੀਆਂ ਅਤੇ ਬਣਾਉਟੀ, ਮਿਠੀਆਂ ਮਿਠੀਆ ਗੱਲਾਂ ਕਰਨਾ, ਉਨ੍ਹਾ ਨੂੰ ਬਿਲਕੁਲ ਪਸੰਦ ਨਹੀਂ ਸੀ। ਇਸੇ ਲਈ ਝੂਠੇ ਤੇ ਗ਼ਲਤ ਆਦਮੀ ਉਨ੍ਹਾਂ ਨੂੰ ਮਿਲਣ ਤੋਂ ਸਦਾ ਸੰਕੋਚ ਕਰਦੇ ਸਨ ਤੇ ਉਹ ਉਨ੍ਹਾਂ ਨੂੰ ਬਦਨਾਮ ਕਰਨ ਦੀ ਕੋਸ਼ਿਸ਼ ਕਰਦੇ ਰਹਿੰਦੇ ਸਨ। ਬੰਬਈ ਵਿਚ ਦਿੱਤੇ ਇਕ ਭਾਸ਼ਣ ਰਾਹੀਂ ਉਨ੍ਹਾਂ ਨੇ ਦਸਿਆ ਕਿ ਮੈਂ ਸਾਫ ਤੇ ਸਪਸ਼ੱਟ ਗੱਲਾਂ ਕਰਨ ਵਾਲਾ ਆਦਮੀ ਹਾਂ। ਇਸੇ ਲਈ ਮੈਂ ਸਖਤ ਅਤੇ ਸਚੀਆਂ ਗੱਲਾਂ ਮੂੰਹ ਤੇ ਕਹਿ ਦਿੰਦਾਂ ਹਾਂ, ਹਿੰਦੂਆਂ ਨੂੰ ਵੀ ਅਤੇ ਮੁਸਲਮਾਨਾਂ ਨੂੰ ਵੀ, ਫਿਰ ਵੀ ਮੈਂ ਦੋਹਾਂ ਦਾ ਮਿੱਤਰ ਹਾਂ।

ਉਹ ਦ੍ਰਿੜ ਨਿਸ਼ਚੇ ਤੇ ਉਚੇ ਆਚਰਣ ਦੇ ਮਾਲਕ ਸਨ। ਉਹ ਆਪਣੇ ਉਦੇਸ਼ ਦੀ ਪ੍ਰਾਪਤੀ ਲਈ ਦ੍ਰਿੜਤਾ, ਮਿਹਨਤ ਅਤੇ ਲਗਨ ਨਾਲ ਕੰਮ ਕਰਦੇ ਸਨ। ਉਨ੍ਹਾਂ ਨੇ ਜੋ ਸੋਚਿਆ, ਜੋ ਠੀਕ ਸਮਝਿਆ, ਜਿਹੜਾ ਉਦੇਸ਼ ਮਿਥਿਆ, ਉਸ ਨੂੰ ਪੂਰਾ ਕੀਤਾ। ਉਹ ਕੋਈ ਵੀ ਕੰਮ ਕਾਹਲੀ ਵਿਚ ਨਹੀਂ ਸਨ ਕਰਦੇ। ਉਨ੍ਹਾਂ ਨੂੰ ਆਪਣੇ ਉਪਰ ਪੂਰਾ ਪੂਰਾ ਭਰੋਸਾ ਸੀ। ਉਹ ਹਰ ਕੰਮ ਸੋਚ ਸਮਝ ਕੇ ਕਰਦੇ ਸਨ। ਪਰ ਜਿਸ ਕੰਮ ਨੂੰ ਉਨ੍ਹਾਂ ਆਰੰਭ ਕਰ ਲਿਆ, ਉਸ ਨੂੰ ਉਹ ਹਰ ਹਾਲਤ ਵਿਚ ਸਿਰੇ ਚੜ੍ਹਾ ਕੇ ਹੀ ਛੱਡਦੇ ਸਨ। ਕਿਸੇ ਕੰਮ ਨੂੰ ਵਿਚੇ ਛੱਡਣਾ ਜਾਂ ਚੁਕਿਆ ਕਦਮ ਵਾਪਸ ਪਰਤਣਾ, ਉਨ੍ਹਾਂ ਦੇ ਸੁਭਾ ਵਿਚ ਸ਼ਾਮਲ ਨਹੀਂ ਸੀ। ਸੱਚੇ ਅਤੇ ਸਪਸ਼ੱਟਵਾਦੀ ਹੋਣ ਕਾਰਣ ਉਨ੍ਹਾਂ ਬਾਰੇ ਕਈ ਵਾਰ ਗਲਤ ਗੱਲਾਂ ਵੀਂ ਫੈਲ ਜਾਂਦੀਆਂ ਸਨ। ਪਰ ਸਚਾਈ ਪ੍ਰਗਟ ਹੋਣ ਤੇ ਉਨ੍ਹਾਂ ਦਾ ਚੱਰਿਤਰ ਵਧੇਰੇ ਉਜਲ ਤੇਜੱਸਵੀ ਰੂਪ ਵਿਚ ਪ੍ਰਗਟ ਹੋ ਜਾਂਦਾ ਸੀ। ਸਰਦਾਰ ਪਟੇਲ ਤੇ ਸੁਭਾ ਵਿਚ ਸੰਦੇਹ, ਸ਼ੰਕਾ ਅਤੇ ਵਾਦ ਵਿਵਾਦ ਲਈ ਕੋਈ ਥਾਂ ਨਹੀਂ ਸੀ। ਉਨ੍ਹਾਂ ਦੇ ਕੀਤੇ ਕੰਮਾਂ ਦੀ ਕੋਈ ਸ਼ਲਾਘਾ ਕਰੇ ਜਾਂ ਨਿੰਦਾ, ਇਸ ਦੀ ਉਨ੍ਹਾਂ ਨੂੰ ਰਤੀ ਭਰ ਵੀ ਚਿੰਤਾ ਨਹੀਂ ਸੀ ਹੁੰਦੀ।

ਸਰਦਾਰ ਪਟੇਲ ਨੇ ਕਈ ਵਾਰ ਦੇਸ਼ ਨੂੰ ਅਰਾਜਕਤਾ (ਗੜਬੜੀ) ਦੀ ਖੱਡ ਵਿਚ ਡਿੱਗਣ ਤੋਂ ਬਚਾਇਆ। ਇਕ ਵਾਰ ਕਲਕੱਤੇ ਵਿਚ ਸਰਕਾਰੀ ਕਰਮਚਾਰੀਆਂ ਨੇ ਹੜਤਾਲ ਕਰਨ ਦਾ ਫੈਸਲਾ ਕੀਤਾ। ਹੜਤਾਲ ਦੀਆਂ ਪੂਰੀਆਂ ਤਿਆਰੀਆਂ ਹੋ ਚੁੱਕੀਆਂ ਸਨ। ਹੜਤਾਲ ਤੋਂ ਕੇਵਲ ਇਕ ਦਿਨ ਪਹਿਲਾਂ 3 ਜਨਵਰੀ, 1948 ਨੂੰ ਸਰਦਾਰ ਕਲਕੱਤਾ ਪਹੁੰਚੇ ਅਤੇ ਸਰਕਾਰੀ ਕਰਮਚਾਰੀਆਂ ਨੂੰ ਸੰਬੋਧਨ ਕਰਦੇ ਹੋਇਆਂ ਕਿਹਾ, "ਜੋ ਲੋਕ ਮੌਜੂਦਾ ਮੰਤਰੀਆਂ ਦੇ ਕੰਮ ਤੋਂ ਸੰਤੁਸ਼ਟ ਨਹੀਂ ਹਨ, ਉਨ੍ਹਾਂ ਨੂੰ ਵਿਧਾਨਕ ਢੰਗ ਨਾਲ ਮੰਤਰੀਆਂ ਨੂੰ ਹਟਾ ਦੇਣਾ ਚਾਹੀਦਾ ਹੈ। ਗੁੰਡਾ-ਗਰਦੀ ਨਾਲ ਸ਼ਹਿਰੀ ਜੀਵਨ ਬਰਬਾਦ ਹੋ ਜਾਂਦਾ ਹੈ। ਮੰਤਰੀਆਂ ਨੂੰ ਤੁਸੀਂ ਆਪ ਹੀ ਕੁਰਸੀ ਉਤੇ ਬਿਠਾਇਆ ਹੈ ਅਤੇ ਜਦੋ ਚਾਹੋ ਉਨ੍ਹਾਂ ਨੂੰ ਹਟਾ ਸਕਦੇ ਹੋ, ਪਰ ਹੜਤਾਲਾਂ ਨਾਲ ਨਹੀਂ, ਸਗੋਂ ਵਿਧਾਨਕ ਢੰਗ ਨਾਲ।"

ਉਨ੍ਹਾਂ ਫਿਰ ਦਸਿਆ ਕਿ, "ਕੁਝ ਲੋਕ ਮੈਨੂੰ ਰਾਜਿਆਂ ਜਿਮੀਂਦਾਰਾਂ ਅਤੇ ਪੂੰਜੀ-ਪਤੀਆਂ ਦਾ ਦੋਸਤ ਕਹਿੰਦੇ ਹਨ, ਪਰ ਮੈਂ ਤਾਂ ਸਭ ਦਾ ਦੋਸਤ ਹਾਂ, ਕਿਸੇ ਦਾ ਦੁਸ਼ਮਣ ਨਹੀਂ। ਗਾਂਧੀ ਜੀ ਤੋਂ ਮੈਂ ਇਕੋ ਗੱਲ ਸਿਖੀ ਹੈ, ਕਿ ਆਪਣੀ ਨਿਜੀ ਜਾਇਦਾਦ ਨਹੀਂ ਬਨਾਉਣੀ। ਮੇਰੇ ਪਾਸ ਅੱਜ ਕੋਈ ਨਿਜੀ ਜਾਇਦਾਦ ਨਹੀਂ। ਮੈਂ ਗਰੀਬਾਂ ਦਾ ਵੀ ਦੋਸਤ ਹਾਂ ਅਤੇ ਅਮੀਰਾਂ ਦਾ ਵੀ। ਮਜ਼ਦੂਰ ਰਾਜ ਹੜਤਾਲਾਂ ਨਾਲ ਕਾਇਮ ਨਹੀਂ ਕੀਤਾ ਜਾ ਸਕਦਾ। ਮਜ਼ਦੂਰ ਰਾਜ ਤਾਂ ਅਸੀਂ ਗਾਂਧੀ ਜੀ ਦੇ ਆਦਰਸ਼ਾਂ ਉਤੇ ਚਲ ਕੇ ਹੀ ਬਣਾ ਸਕਦੇ ਹਾਂ।"

-0-

8

# ਸਰਦਾਰ ਪਟੇਲ ਦੇ ਅੰਤਮ ਦਿਨ

ਸਰਦਾਰ ਪਟੇਲ ਨੂੰ ਆਪਣੇ ਜੀਵਨ ਕਾਲ ਵਿਚ ਕਈ ਇਮਤਿਹਾਨਾਂ ਵਿਚੋਂ ਲੰਘਣਾਂ ਪਿਆ। ਉਨ੍ਹਾਂ ਨੂੰ ਉਸ ਸਮੇਂ ਅਪਣੀ ਪੜ੍ਹਾਈ ਜਾਰੀ ਰੱਖਣੀ ਪਈ, ਜਦ ਘਰ ਦੀ ਮਾਲੀ ਹਾਲਤ ਬੜੀ ਚਿੰਤਾਜਨਕ ਸੀ। ਬਚਪਨ ਵਿਚ ਪਿਤਾ ਜੀ ਦੀ ਮ੍ਰਿਤੂ ਹੋ ਗਈ। ਫਿਰ ਆਪਣੀ ਪਤਨੀ ਅਤੇ ਭਰਜਾਈ ਦੀਆਂ ਬੇਵਕਤ ਮੌਤਾਂ ਨਾਲ ਵੀ ਜੂਝਣਾ ਪਿਆ। ਕੋਈ ਵੀ ਉਲਝਣ ਸਾਹਮਣੇ ਆ ਜਾਵੇ, ਉਹ ਘਬਰਾਉਂਦੇ ਨਹੀਂ ਸਨ। ਇਕ ਵਾਰ ਉਹ ਰਾਜਿਸਥਾਨ ਦੀਆਂ ਰਿਆਸਤਾਂ ਦਾ ਉਦਘਾਟਨ ਕਰਨ ਜਾ ਰਹੇ ਸਨ ਕਿ ਰਾਹ ਵਿਚ ਹਵਾਈ ਜਹਾਜ਼ ਖਰਾਬ ਹੋ ਗਿਆ। ਜਹਾਜ਼ ਚਾਲਕ ਨੇ ਬੜੀ ਮੁਸ਼ਕਿਲ ਨਾਲ ਜਹਾਜ਼ ਨੂੰ ਇਕ ਨਦੀ ਕਿਨਾਰੇ ਉਤਾਰਿਆ ਉਥੇ ਉਹ ਕਈ ਘੰਟੇ ਇੰਜਣ ਠੀਕ ਕਰਦਾ ਰਿਹਾ। ਸਰਦਾਰ ਪਟੇਲ ਇਹ ਸਾਰਾ ਸਮਾਂ ਅਡੋਲ ਬੈਠੇ ਰਹੇ। ਇਧਰ ਸਾਰਾ ਦੇਸ਼ ਚਿੰਤਾ ਵਿਚ ਡੁੱਬ ਗਿਆ। ਪੂਰੇ ਚਾਰ ਘੰਟੇ ਉਨ੍ਹਾਂ ਬਾਰੇ ਕੋਈ ਖਬਰ ਨਾ ਮਿਲੀ। ਜਹਾਜ਼ ਠੀਕ ਹੋ ਜਾਣ ਤੇ ਉਹ ਰਾਜਿਸਥਾਨ ਜਾ ਪੁਜੇ। ਉਥੋਂ ਖਬਰ ਆਈ ਕਿ ਉਹ ਬਿਲਕੁਲ ਰਾਜ਼ੀ ਖੁਸ਼ੀ ਹਨ। ਜਦ ਉਹ ਦਿੱਲੀ ਵਾਪਸ ਆਕੇ ਪਾਰਲੀਮੈਂਟ ਵਿਚ ਦਾਖਲ ਹੋਏ ਤਾਂ ਉਨ੍ਹਾਂ ਦੇ ਸੁਆਗਤ ਲਈ ਮੈਂਬਰ ਖੁਸ਼ੀ ਨਾਲ ਤਾੜੀਆਂ ਮਾਰਦੇ ਰਹੇ। ਉਨ੍ਹਾਂ ਨੂੰ ਇਸ ਘਟਨਾ ਵਿਚੋਂ ਸਾਫ ਬਚ ਜਾਣ ਤੇ ਪਾਰਲੀਮੈਂਟ ਵਲੋਂ ਚਾਂਦੀ ਦਾ ਜਹਾਜ਼ ਭੇਟ ਕੀਤਾ ਗਿਆ।

ਸਰਦਾਰ ਪਟੇਲ ਆਖਰੀ ਵਾਰ 7 ਅਕਤੂਬਰ ਸੰਨ 1950 ਨੂੰ ਹੈਦਰਾਬਾਦ ਗਏ। ਹੈਦਰਾਬਾਦ ਤੇ ਸਕੰਦਰਾਬਾਦ ਦੀ ਨਗਰ ਪਾਲਕਾ ਨੇ ਉਨ੍ਹਾਂ ਦੀਆਂ ਸੇਵਾਵਾਂ ਨੂੰ ਮੁੱਖ ਰਖਦਿਆਂ ਹੋਇਆ ਮਾਨ ਪੱਤਰ ਪੇਸ਼ ਕੀਤਾ। ਉਸ ਦਾ ਉਤਰ ਦਿੰਦਿਆਂ ਸਰਦਾਰ ਪਟੇਲ ਨੇ ਕਿਹਾ, "ਮੈਨੂੰ ਮਾਨ ਪੱਤਰ ਦੀ ਲੋੜ ਨਹੀਂ ਜਾਪਦੀ ਨਾ ਹੀ ਅਜਿਹਾ ਹਾਲੀ ਸਮਾਂ ਹੀ ਆਇਆ ਹੈ। ਜਦ ਮਨੁੱਖ ਸੰਸਾਰ ਛੱਡ ਕੇ ਚਲਾ ਜਾਂਦਾ ਹੈ, ਅਸਲ ਮਾਨਪਤੱਰ ਉਸ ਮਗਰੋਂ ਮਿਲਦਾ ਹੈ। ਇਕ ਆਦਮੀ ਸਾਰੀ ਉਮਰ ਨੇਕ ਕੰਮ ਕਰਦਾ ਰਹਿੰਦਾ ਹੈ, ਪਰ ਆਖਰੀ ਉਮਰ ਵਿਚ ਹੋ ਸਕਦਾ ਹੈ ਉਸਦੇ ਦਿਮਾਗ ਵਿਚ ਖਰਾਬੀ ਆ ਜਾਵੇ। ਇਸ ਤਰ੍ਹਾਂ ਉਸਦੀ ਸਾਰੀ ਕੀਤੀ ਕਤਰੀ

ਖੂਹ ਵਿਚ ਪੈ ਸਕਦੀ ਹੈ। ਸਾਨੂੰ ਪ੍ਰਭੂ ਅੱਗੇ ਪ੍ਰਾਰਥਨਾ ਕਰਨੀ ਚਾਹੀਦੀ ਹੈ, ਕਿ ਉਹ ਅੰਤ ਤਕ ਸਾਨੂੰ ਸ਼ੁੱਧ ਹਿਰਦੇ ਨਾਲ ਜਨਤਾ ਦੀ ਸੇਵਾ ਵਿਚ ਲਾਈ ਰੱਖੇ।"

ਸਰਦਾਰ ਪਟੇਲ ਦੇ ਉਪਰੋਕਤ ਬਚਨ ਸੁਨਿਹਰੀ ਸ਼ਬਦਾਂ ਵਿਚ ਲਿਖਣ ਯੋਗ ਹਨ।

**ਅੰਤ ਸਮਾਂ**

ਬਹੁਤ ਜ਼ਿਆਦਾ ਕੰਮ ਕਾਰਨ ਸਰਦਾਰ ਪਟੇਲ ਦੀ ਸਿਹਤ ਖਰਾਬ ਹੋ ਚੁੱਕੀ ਸੀ। ਪੌਣ ਪਾਣੀ ਦੀ ਤਬਦੀਲੀ ਲਈ ਉਹ 12 ਦਸੰਬਰ ਨੂੰ ਬੰਬਈ ਚਲ ਗਏ। 15 ਦਸੰਬਰ 1950 ਨੂੰ ਉਹ ਦੇਸ਼ਵਾਸੀਆਂ ਨੂੰ ਸਦਾ ਲਈ ਵਿਛੋੜਾ ਦੇ ਗਏ। ਉਨ੍ਹਾਂ ਦੀ ਮ੍ਰਿਤੂ ਦੀ ਖਬਰ ਬਿਜਲੀ ਵਾਂਗ ਸਾਰੀ ਦੁਨੀਆਂ ਵਿਚ ਫੈਲ ਗਈ। ਸਾਰੇ ਦੇਸ਼ ਵਿਚ ਇਸ ਬਹਾਦਰ, ਸਾਹਸੀ ਤੇ ਲੋਹ ਪੁਰਸ਼-ਦੇਸ਼ ਭਗਤ ਦੇ ਵਿਛੋੜੇ ਉਤੇ ਸ਼ੋਕ ਦੀ ਲਹਿਰ ਦੌੜ ਗਈ।

ਮਨੁੱਖ ਦੀ ਸਭ ਤੋਂ ਵੱਡੀ ਅਭਿਲਾਸ਼ਾ ਇਹ ਹੁੰਦੀ ਹੈ, ਕਿ ਉਸ ਦਾ ਜੀਵਨ ਇਕ ਕਹਾਣੀ ਬਣ ਜਾਵੇ। ਸਰਦਾਰ ਪਟੇਲ ਦੀ ਸਾਰੀ ਜ਼ਿੰਦਗੀ ਭਾਰਤ ਵਾਸੀਆਂ ਲਈ ਇਕ ਅਜੇਹੀ ਕਹਾਣੀ ਬਣ ਗਈ ਹੈ ਕਿ ਸਾਡੀਆਂ ਆਉਣ ਵਾਲੀਆਂ ਨਸਲਾਂ ਆਪਣੇ ਇਸ ਮਹਾਨ ਨੇਤਾ ਦੇ ਜੀਵਨ ਤੋਂ ਸਦਾ ਪ੍ਰੇਰਨਾ ਲੈਂਦੀਆਂ ਰਹਿਣਗੀਆਂ।

-0-

9

# ਸਰਦਾਰ ਪਟੇਲ ਵਿਦਵਾਨਾਂ ਦੀਆਂ ਨਜ਼ਰਾਂ ਵਿਚ

1. ਸ੍ਰੀ ਪਟੇਲ ਇਕ ਸੁਲਝੇ ਹੋਏ ਦੇਸ਼ ਭਗਤ ਅਤੇ ਵਤਨ ਦੇ ਸਿਪਾਹੀ ਹਨ, ਉਹ ਆਪਣੇ ਸਾਥੀਆਂ ਤੋਂ ਕੰਮ ਲੈਣ ਵਿਚ ਪੂਰੀ ਤਰ੍ਹਾਂ ਸਫਲ ਤੇ ਯੋਗ ਹਨ। ਕਿਸੇ ਆਗੂ ਦਾ ਗੁਣ ਇਸ ਵਿਚ ਹੁੰਦਾ ਹੈ ਕਿ ਉਹ ਆਪਣੀਆਂ ਯੋਜਨਾਵਾਂ ਦੀ ਪੂਰਤੀ ਲਈ ਲੁੜੀਂਦੀ ਸਹਾਇਤਾ ਲੈਣ ਵਿਚ ਕਿਥੋਂ ਤੱਕ ਸਫਲ ਹੁੰਦਾ ਹੈ ਬਹੁਤ ਸਾਰੇ ਲੋਕ ਮੇਰੀ ਸਿਖਿਆ ਉਤੇ ਚੱਲਣ ਲਈ ਤਿਆਰ ਸਨ, ਪਰ ਮੇਰੇ ਲਈ ਇਹ ਨਿਰਣਾ ਕਰਨਾ ਔਖਾ ਸੀ ਕਿ ਮੇਰੇ ਕੰਮ ਨੂੰ ਕੌਣ ਸੰਭਾਲੇ ਅਤੇ ਮੈਂ ਇਸ ਕੰਮ ਲਈ ਸਰਦਾਰ ਪਟੇਲ ਦੀ ਚੋਣ ਕੀਤੀ।

**(ਮਹਾਤਮਾ ਗਾਂਧੀ)**

2. ਸਰਦਾਰ ਪਟੇਲ ਅਜਿਹੀ ਸ਼ਕਤੀ ਦੇ ਸ੍ਰੋਤ ਸਨ, ਜੋ ਕੰਬਦੇ ਹਿਰਦਿਆਂ ਨੂੰ ਹਿੰਮਤ ਤੇ ਦਲੇਰੀ ਬਖਸ਼ਦੇ ਸਨ।

**(ਜਵਾਹਰ ਲਾਲ ਨਹਿਰੂ )**

3. ਗਾਂਧੀ ਜੀ ਦੇ ਕਈ ਪੱਕੇ ਸ਼ਰਧਾਲੂ ਸਨ, ਜਿਹੜੇ ਗਾਂਧੀ ਜੀ ਦੀਆਂ ਅੱਖਾਂ ਰਾਹੀਂ ਹੀ ਦੇਖਦੇ ਹੁੰਦੇ ਸਨ। ਸਰਦਾਰ ਪਟੇਲ ਭਾਵੇਂ ਉਨ੍ਹਾਂ ਵਿਚੋਂ ਇਕ ਸਨ, ਪਰ ਉਨ੍ਹਾਂ ਦਾ ਦ੍ਰਿਸ਼ਟੀਕੋਣ ਸਾਫ਼ ਤੇ ਸਪੱਸ਼ਟ ਸੀ। ਭਾਵੇਂ ਉਹ ਹਰ ਗੱਲ ਨੂੰ ਆਪਣੇ ਢੰਗ ਨਾਲ ਦੇਖਣ-ਪਰਖਣ ਦੇ ਯੋਗ ਸਨ, ਪਰ ਫਿਰ ਵੀ ਉਹ ਗਾਂਧੀ ਜੀ ਦੇ ਸੱਚੇ ਸ਼ਰਧਾਲੂਆਂ ਵਿਚੋ ਇਕ ਸਨ।

**(ਰਾਜ ਗੋਪਾਲ ਆਚਾਰੀਆ)**

4. ਉਹ ਇਕ ਲੋਹੇ ਦੀ ਡੱਬੀ ਵਿਚ ਹੀਰੇ ਵਾਂਗ ਚਮਕਦੇ ਸਨ।

**(ਸਰੋਜਨੀ ਨੰਡੋ)**

5. ਸਰਦਾਰ ਪਟੇਲ ਅਤੇ ਬਾਲ ਗੰਗਾਧਰ ਤਿਲਕ ਨੂੰ ਮਿਲਣ ਪਿਛੋਂ ਇਹ ਪ੍ਰਭਾਵ ਪੈਂਦਾ ਸੀ, ਕਿ ਉਹ ਦੋਵੇਂ ਬੜੇ ਸਖ਼ਤ ਸੁਭਾ ਦੇ ਮਾਲਕ ਹਨ, ਪਰ ਇਹ ਗੱਲ ਠੀਕ ਨਹੀਂ। ਵਾਸਤਵ ਵਿਚ ਉਹ ਦੋਨੋਂ ਹੀ ਅੰਦਰੋਂ ਬੜੇ ਨਿਮਰ, ਸਿਧੇ ਸਾਦੇ ਤੇ ਮਿੱਤਰ ਮਨੁੱਖ ਸਨ।

**(ਮਹਾਂਦੇਵ ਡੇਸਾਈ)**

6. ਸਰਦਾਰ ਪਟੇਲ ਇਕ ਮਹਾਨ ਆਗੂ ਤੇ ਮਹਾਨ ਰਾਜ ਪ੍ਰਬੰਧਕ ਸਨ। ਉਨ੍ਹਾਂ ਵਿਚ ਸੈ ਵਿਸ਼ਵਾਸ ਕੁੱਟ ਕੁੱਟ ਕੇ ਭਰਿਆ ਹੋਇਆ ਸੀ ਅਤੇ ਇਹ ਵਿਸ਼ਵਾਸ ਉਹ ਆਪਣੇ ਸਾਥੀਆ ਵਿਚ ਪੂਰੀ ਯੋਗਤਾ ਨਾਲ ਪੈਦਾ ਕਰ ਸਕਣ ਦੇ ਸਮਰੱਥ ਸਨ। ਇਸ ਸਵੈ-ਵਿਸ਼ਵਾਸ ਕਾਰਣ ਹੀ ਉਹ ਦੂਜਿਆਂ ਉਤੇ ਭਰੋਸਾ ਕਰ ਸਕਦੇ ਸਨ।

**( ਐਚ.ਐਮ. ਪਟੇਲ )**

7. ਸਰਦਾਰ ਪਟਲ ਕਿਸੇ ਨੂੰ ਪਰਖਣ ਵਿਚ ਬੜੇ ਚਤਰ ਪਾਰਖੂ ਸਨ। ਜਦੋਂ ਉਹ ਕਿਸੇ ਨੂੰ ਪਹਿਲੀ ਵਾਰ ਮਿਲਦੇ, ਉਹ ਉਸ ਨੂੰ ਸਿਰ ਤੋਂ ਲੈ ਕੇ ਪੈਰਾਂ ਤੱਕ ਵੇਖਦਿਆਂ ਸਾਰ ਹੀ ਉਸ ਬਾਰੇ ਸਹੀ ਅਨੁਮਾਨ ਲੱਗਾ ਲੈਂਦੇ ਸਨ।

**(ਮਨੀ ਬੈਨ ਪਟੇਲ-ਸਪੁੱਤਰੀ ਸਰਦਾਰ ਪਟੇਲ)**

8. ਸਰਦਾਰ ਪਟੇਲ ਕੰਮ ਕਰਨ ਵਿਚ ਵਿਸ਼ਵਾਸ ਰੱਖਦੇ ਸਨ। ਉਨ੍ਹਾਂ ਨੇ ਇਤਿਹਾਸ ਨੂੰ ਲਿਖਿਆ ਨਹੀਂ, ਸਗੋਂ ਬਣਾਇਆ ਹੈ। ਉਹ ਬਹੁਤ ਹੀ ਘੱਟ ਲਿਖਦੇ ਸਨ। ਫਿਰ ਵੀ 1945 ਤੋਂ 1950 ਵਿਚਕਾਰ ਉਨ੍ਹਾਂ ਨੇ ਲਗਭਗ ਦਸ ਹਜ਼ਾਰ ਚਿੱਠੀਆਂ ਲਿਖੀਆਂ ਤੇ ਪਰਾਪਤ ਕੀਤੀਆਂ, ਇਨ੍ਹਾਂ ਚਿੱਠੀਆਂ ਤੋਂ ਭਾਰਤ ਦੇ ਇਤਿਹਾਸ ਬਾਰੇ ਬੜੀ ਭਰਪੂਰ ਜਾਣਕਾਰੀ ਮਿਲਦੀ ਹੈ।

**(ਪ੍ਰਸਿੱਧ ਪੱਤਰਕਾਰ-ਦੁਰਗਾ ਦਾਸ)**

9. ਸਰਦਾਰ ਪਟੇਲ ਦੇਖਣ ਨੂੰ ਸਖਤ ਸੁਭਾ ਦੇ ਮਨੁਖ ਜਾਪਦੇ ਸਨ ਪਰ ਉਹ ਦੂਜਿਆਂ ਦਾ ਸਤਿਕਾਰ ਕਰਨ ਅਤੇ ਸ਼ੁਭ ਬਚਨ ਬੋਲਣ ਵਿਚ ਕਿਸੇ ਨਾਲੋਂ ਪਿਛੇ ਨਹੀਂ ਸਨ। ਉਹ ਹਰ ਗੱਲ ਨੂੰ ਬੜੇ ਧਿਆਨ ਨਾਲ ਸੁਣਦੇ, ਉਸ ਉਤੇ ਵਿਚਾਰ ਕਰਦੇ ਅਤੇ ਝਟ ਪਟ ਫੈਸਲਾ ਦੇ ਦਿੰਦੇ ਸਨ। ਉਨ੍ਹਾਂ ਦੀ ਖਾਮੋਸ਼ੀ ਹੀ ਉਨ੍ਹਾਂ ਦੀ 'ਹਾਂ' ਹੁੰਦੀ ਸੀ। ਦੂਜੇ ਸ਼ਬਦਾਂ ਵਿਚ ਉਹ ਘਟ ਤੋਂ ਘਟ ਯਤਨ ਰਾਹੀਂ ਵਧ ਤੋਂ ਵਧ ਪ੍ਰਾਪਤ ਕਰਨ ਦੇ ਪੂਰੀ ਤਰ੍ਹਾਂ ਯੋਗ ਸਨ।

**(ਸ਼ੰਕਰ ਪਰਸ਼ਾਦ)**

10. ਸਰਦਾਰ ਵਲਭ ਭਾਈ ਬਰਫ਼ ਹੇਠਾਂ ਢਕਿਆਂ ਜਵਾਲਾ ਮੁਖੀ ਹੈ।

**(ਮੌਲਾਨਾਂ ਸ਼ੌਕਤ ਅਲੀ ਖਾਨ)**

# 10
# ਵਿਸ਼ੇਸ਼ ਘਟਨਾਵਾਂ

| | |
|---|---|
| 1875 | ਜਨਮ 31 ਅਕਤੂਬਰ |
| 1893 | ਝਵੇਰ ਭਾਈ ਨਾਲ ਵਿਆਹ |
| 1897 | ਹਾਈ ਸਕੂਲ ਨੜਿਆਦ ਤੋਂ ਮੈਟਰਿਕ ਪਾਸ ਕੀਤੀ। |
| 1903 | ਪੁਤਰੀ ਮਨੀ ਬੈਨ ਦਾ ਜਨਮ |
| 1905 | ਪੁਤਰ ਡਾਹੀਆ ਭਾਈ ਦਾ ਜਨਮ |
| 1909 | 11 ਜਨਵਰੀ ਨੂੰ ਪਤਨੀ ਦੀ ਮ੍ਰਿਤੂ |
| 1910 | ਬੈਰਿਸਟਰੀ ਦੀ ਪੜ੍ਹਾਈ ਲਈ ਇੰਗਲੈਂਡ ਰਵਾਨਗੀ। |
| 1913 | ਬੈਰਿਸਟਰੀ ਪਾਸ ਕਰਕੇ ਪਾਸ ਬੰਬਈ ਪਹੁੰਚੇ। |
| 1916 | ਗਾਂਧੀ ਜੀ ਨਾਲ ਪਹਿਲੀ ਮੁਲਾਕਾਤ। |
| 1917 | ਖੇੜਾ ਸਤਿਆਗ੍ਰਹਿ ਵਿਚ ਹਿੱਸਾ ਲਿਆ। |
| 1921 | ਗੁਜਰਾਤ ਸੂਬਾ ਕਾਂਗਰਸ ਦੇ ਪਹਿਲੇ ਪ੍ਰਧਾਨ ਚੁਣੇ ਗਏ। |
| 1921 | ਆਖਰੀ ਵਾਰ ਵਕਾਲਤ ਲਈ ਕਚਹਿਰੀ ਗਏ। |
| 1923 | 9 ਸਤੰਬਰ ਨੂੰ ਨਾਗਪੁਰ ਝੰਡਾ ਸਤਿਆਗ੍ਰਹਿ ਵਿਚ ਜਿੱਤ ਪ੍ਰਾਪਤ ਕੀਤੀ। |
| 1923 | ਦਸੰਬਰ ਵਿਚ ਬੋਰਸਦ ਸਤਿਆਗ੍ਰਹਿ ਵਿਚ ਜਿੱਤ ਪ੍ਰਾਪਤ ਕੀਤੀ। |
| 1924 | ਅਹਿਮਦਾਬਾਦ ਨਗਰ ਪਾਲਕਾ ਦੇ ਪ੍ਰਧਾਨ ਚੁਣੇ ਗਏ। |
| 1927 | ਅਹਿਮਦਾਬਾਦ ਨਗਰ ਪਾਲਕਾ ਦੇ ਦੋਬਾਰਾ ਪ੍ਰਧਾਨ ਚੁਣੇ ਗਏ। |
| 1927 | ਗੁਜਰਾਤ ਦੇ ਹੜ ਪੀੜਤਾਂ ਦੀ ਸਹਾਇਤਾ ਦਾ ਕੰਮ ਕੀਤਾ। |
| 1928 | 29 ਫਰਵਰੀ ਬਾਰਦੌਲੀ 'ਟੈਕਸ ਨਾ ਦੇਣ' ਦੇ ਮੋਰਚੇ ਦੀ ਅਗਵਾਈ ਕੀਤੀ। |
| 1928 | ਅਕਤੂਬਰ ਵਿਚ ਬਾਰਦੌਲੀ ਸਤਿਆਗ੍ਰਹਿ ਵਿਚ ਸਫ਼ਲਤਾ ਪ੍ਰਾਪਤ ਕੀਤੀ। |
| 1928 | ਦਸੰਬਰ ਕਲਕੱਤਾ ਕਾਂਗਰਸ ਵਿਚ ਸਨਮਾਨ ਪ੍ਰਾਪਤ ਕੀਤਾ। |
| 1930 | 7 ਮਾਰਚ ਲੂਣ ਸਤਿਆਗ੍ਰਹਿ ਸਮੇਂ ਪਹਿਲੀ ਗ੍ਰਿਫ਼ਤਾਰੀ (ਪੌਣੇ ਚਾਰ ਮਹੀਨੇ ਦੀ ਕੈਦ ਦੀ ਸਜ਼ਾ) |
| 1930 | ਪਹਿਲੀ ਅਗਸਤ ਨੂੰ ਬੰਬਈ ਵਿਚ ਦੂਜੀ ਵਾਰ ਗ੍ਰਿਫ਼ਤਾਰ (ਤਿੰਨ ਮਹੀਨੇ ਕੈਦ ਦੀ ਸਜ਼ਾ) |

1930 ਦਸੰਬਰ ਵਿਚ ਤੀਜੀ ਵਾਰ ਗ੍ਰਿਫ਼ਤਾਰੀ (ਨੌਂ ਮਹੀਨੇ ਕੈਦ ਦੀ ਸਜ਼ਾ)
1931 25 ਜਨਵਰੀ ਜੇਲ੍ਹ ਵਿਚੋਂ ਰਿਹਾਈ।
1931 ਮਾਰਚ ਵਿਚ ਕਰਾਚੀ ਕਾਂਗਰਸ ਦੇ ਪ੍ਰਧਾਨ ਬਣੇ।
1932 4 ਜਨਵਰੀ ਨੂੰ ਮਹਾਤਮਾਂ ਗਾਂਧੀ ਸਮੇਤ ਗ੍ਰਿਫ਼ਤਾਰੀ (ਯਰਵਦਾ ਜੇਲ੍ਹ ਵਿਚ ਨਜ਼ਰਬੰਦ)
1934 14 ਜਨਵਰੀ ਸਿਹਤ ਦੀ ਖਰਾਬੀ ਕਾਰਣ ਜੇਲ੍ਹ ਤੋਂ ਰਿਹਾਈ।
1934 ਪਟਨਾ ਵਿਚ ਕਾਂਗਰਸੀ ਪਾਰਲੀਮੈਂਟਰੀ ਬੋਰਡ ਦੇ ਪ੍ਰਧਾਨ ਬਣਾਏ ਗਏ।
1935 ਬੋਰਸਦ ਵਿਚ ਪਲੇਗ ਪੈ ਜਾਣ ਸਮੇਂ ਸਰਗਰਮੀ ਨਾਲ ਹਿੱਸਾ ਲਿਆ।
1936 ਦੋ ਜੁਲਾਈ ਕਾਂਗਰਸ ਪਾਰਲੀਮੈਂਟਰੀ ਬੋਰਡ ਦੇ ਪ੍ਰਧਾਨ ਚੁਣੇ ਗਏ। ਅਸੈਂਬਲੀਆਂ ਦੀਆਂ ਚੋਣਾਂ ਵਿਚ ਅਗਵਾਈ )
1938 ਹਰੀ ਪਰਾ ਕਾਂਗਰਸ ਸੈਸ਼ਨਾਂ ਦੇ ਸੁਆਗਤੀ ਪ੍ਰਧਾਨ।
1940 18 ਨਵੰਬਰ, ਅਹਿਮਦਾਬਾਦ ਵਿਚ ਵਿਅਕਤੀਗਤ ਅੰਦੋਲਨ ਵਿਚ ਗ੍ਰਿਫ਼ਤਾਰੀ।
1941 20 ਅਗਸਤ ਸਿਹਤ ਖਰਾਬੀ ਕਾਰਣ ਰਿਹਾਈ।
1942 'ਭਾਰਤ ਛਡੋ' ਦਾ ਮਤਾ ਪਾਸ ਹੋ ਜਾਣ ਤੇ ਕਾਂਗਰਸੀ ਲੀਡਰਾਂ ਨਾਲ ਗ੍ਰਿਫ਼ਤਾਰੀ। (ਅਹਿਮਦਾਬਾਦ ਜੇਲ ਵਿਚ ਨਜ਼ਰਬੰਦੀ)
1945 15 ਜੂਨ ਨੂੰ ਜੇਲ੍ਹ ਵਿਚੋਂ ਰਿਹਾਈ ਤੇ ਵਾਇਸਰਾਏ ਵਲੋਂ ਬੁਲਾਈ ਗਈ ਸ਼ਿਮਲਾ ਕਾਨਫਰੰਸ ਵਿਚ ਸ਼ਾਮਲ ਹੋਏ।
1946 23 ਫਰਵਰੀ, ਭਾਰਤੀ ਜਲ ਸੈਨਾ ਦੀ ਬਗਾਵਤ ਨੂੰ ਸ਼ਾਂਤ ਕੀਤਾ। ਵਾਇਸਰਾਏ ਦੀ ਬੇਨਤੀ ਤੇ ਡਾਕ ਹੜਤਾਲ ਨੂੰ ਤੋੜਿਆ। 2 ਸਤੰਬਰ ਨੂੰ ਭਾਰਤ ਦੇ ਮਿਲੀ ਜੁਲੀ ਵਜ਼ਾਰਤ ਦੇ ਗ੍ਰਿਹ-ਮੰਤਰੀ ਬਣੇ।
1947 4 ਅਪਰੈਲ, ਵਲਭ ਵਿਦਿਆ ਨਗਰ ਵਿਚ ਵਿਠਲ ਭਾਈ ਮਹਾਂ ਵਿਦਿਆਲਾ ਦਾ ਉਦਘਾਟਨ 5 ਜੁਲਾਈ, ਉਨ੍ਹਾਂ ਦੀ ਪ੍ਰਧਾਨਗੀ ਹੇਠ ਦੇਸੀ ਰਿਆਸਤਾਂ ਦੀ ਸਮੱਸਿਆਂ ਨੂੰ ਸੁਲਝਾਉਣ ਲਈ ਰਿਆਸਤੀ ਵਿਭਾਗ ਦੀ ਨੀਂਹ ਰਖੀ ਗਈ। 15 ਅਗਸਤ ਨੂੰ ਮੰਤਰੀ ਮੰਡਲ ਦੇ ਉਪ-ਪ੍ਰਧਾਨ ਮੰਤਰੀ ਬਣੇ।
9 ਨਵੰਬਰ ਨੂੰ ਉਨ੍ਹਾਂ ਦੀ ਆਗਿਆ ਅਨੁਸਾਰ ਜੂਨਾਂਗੜ੍ਹ ਤੇ ਅਧਿਕਾਰ ਕੀਤਾ ਗਿਆ। 14 ਨਵੰਬਰ ਨੂੰ ਨੀਲਗਿਰੀ (ਬਿਹਾਰ) ਰਿਆਸਤ ਤੇ ਅਧਿਕਾਰ ਜਮਾਇਆ ਗਿਆ।
1948 13 ਸਤੰਬਰ ਨੂੰ ਸਰਦਾਰ ਪਟੇਲ ਨੇ ਹੈਦਰਾਬਾਦ ਤੇ ਪੁਲਿਸ ਐਕਸ਼ਨ ਦੀ ਆਗਿਆ ਦਿਤੀ।

17 ਸਤੰਬਰ ਨੂੰ ਹੈਦਰਾਬਾਦ ਨੇ ਹਥਿਆਰ ਸੁਟ ਦਿਤੇ।
31 ਅਕਤੂਬਰ ਨੂੰ ਉਨ੍ਹਾਂ ਦੇ 74 ਵੇਂ ਜਨਮ ਦਿਨ ਤੇ ਬੰਬਈ ਵਿਚ ਸੋਨੇ ਦਾ ਅਸ਼ੋਕ ਸਤੰਭ ਤੇ ਅਠ ਸੌ ਤੋਲੇ ਚਾਂਦੀ ਦੀ ਗਾਂਧੀ ਜੀ ਦੀ ਮੂਰਤੀ ਭੇਂਟ ਕੀਤੀ ਗਈ।

1948 3 ਨਵੰਬਰ, ਨਾਗਪੁਰ ਯੂਨੀਵਰਸਿਟੀ ਵਲੋਂ ਡਾਕਟਰ ਆਫ਼ ਲਾਅ ਦੀ ਉਪਾਧੀ ਦੇ ਕੇ ਸਨਮਾਨਿਆਂ ਗਿਆ। 26 ਨਵੰਬਰ ਨੂੰ ਅਲਾਹਬਾਦ ਵਿਖੇ ਪੰਡਤ ਗੋਵਿੰਦ ਵਲਭ ਪੰਤ ਵਲੋਂ ਪਟੇਲ ਅਭਿਨੰਦਨ ਗ੍ਰੰਥ ਭੇਟ ਕੀਤਾ ਗਿਆ। 27 ਨਵੰਬਰ ਨੂੰ ਪ੍ਰਯਾਗ ਯੂਨੀਵਰਸਿਟੀ ਨੇ ਡਾਕਟਰ ਆਫ਼ ਲਾਅ ਦੀ ਉਪਾਧੀ ਦੇ ਕੇ ਸਨਮਾਨਿਆਂ।

1949 26 ਫਰਵਰੀ ਉਸਮਾਨੀਆਂ ਯੂਨੀਵਰਸਿਟੀ ਨੇ ਡਾਕਟਰ ਆਫ਼ ਲਾਅ ਦੀ ਉਪਾਧੀ ਦਿਤੀ 2 ਅਕਤੂਬਰ ਤੋਂ 15 ਨਵੰਬਰ ਤਕ ਪੰਡਤ ਨਹਿਰੂ ਦੀ ਬਦੇਸ਼ ਯਾਤਰਾ ਸਮੇਂ ਉਹ ਪ੍ਰਧਾਨ ਮੰਤਰੀ ਬਣੇ।

1950 28 ਅਪਰੈਲ ਨੂੰ ਅਹਿਮਦਾਬਾਦ ਵਿਖੇ 15 ਲੱਖ ਰੁਪਏ ਦੀ ਥੈਲੀ ਭੇਟ ਕੀਤੀ ਗਈ। 12 ਦਸੰਬਰ ਨੂੰ ਪੌਣ ਪਾਣੀ ਦੀ ਤਬਦੀਲੀ ਲਈ ਬੰਬਈ ਗਏ। 15 ਦਸੰਬਰ ਨੂੰ ਸਵੇਰ ਦੇ ਨੌਂ ਵਜ ਕੇ 37 ਮਿੰਟ ਤੇ ਪ੍ਰਾਣ ਤਿਆਗ ਦਿੱਤੇ।

1552 –1500 -3-10-75 ਪੰਜਾਬ ਸਰਕਾਰ ਪਰੈਸ, ਪਟਿਆਲਾ।